# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 27 ਮਾਰਚ 2024 ਦਿਨ ਬੁੱਧਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਿੱਖ ਕਮਿਊਨਿਟੀ ਲਈ ਸਿੱਖਿਆ ਅਤੇ ਰੁਜ਼ਗਾਰ ਸੰਬੰਧੀ ਵਿਸ਼ਵ ਵਿਆਪੀ ਪਲੇਟਫਾਰਮ ਸਥਾਪਿਤ ਕਰਨ ਦੀ ਲੋੜ – ਡਾ. ਹਰਮੀਕ ਸਿੰਘ

### ਕੈਨੇਡੀਅਨ ਪੰਜਾਬੀਆਂ ਲਈ ਬਣੇਗਾ ਵੈਨਕੂਵਰ ਤੋਂ ਅੰਮ੍ਰਿਤਸਰ ਵਾਇਆ ਦੁਬਈ ਟੂਰਿਜ਼ਮ ਪ੍ਰੋਗਰਾਮ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ

ਸਰੀ, 27 ਮਾਰਚ : ਦੁਬਈ ਵਿੱਚ 'ਪਲੈਨ ਬੀ' ਗਰੁੱਪ ਦੇ ਸੰਸਥਾਪਕ ਤੇ ਮਾਲਕ ਅਤੇ ਦੁਬਈ ਦੇ ਵਪਾਰਕ ਤੇ ਸਮਾਜਿਕ ਖੇਤਰ ਦੀ ਮਾਨਯੋਗ ਸ਼ਖ਼ਸੀਅਤ ਡਾਕਟਰ ਹਰਮੀਕ ਸਿੰਘ ਬੀਤੇ ਦਿਨ ਵੈਨਕੂਵਰ ਆਏ ਅਤੇ ਉਹਨਾਂ ਬੀ.ਸੀ. ਪੰਜਾਬੀ ਪ੍ਰੈਸ ਕਲੱਬ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਗੱਲਬਾਤ ਕੀਤੀ। ਆਪਣੀ ਗੱਲਬਾਤ ਦੌਰਾਨ ਉਹਨਾਂ ਸਿੱਖ ਕਮਿਊਨਿਟੀ ਲਈ ਇੱਕ ਅਜਿਹਾ ਪਲੇਟਫਾਰਮ ਸਥਾਪਿਤ ਕਰਨ 'ਤੇ ਜ਼ੋਰ ਦਿੱਤਾ ਜਿਸ ਰਾਹੀਂ ਸਿੱਖਿਆ ਤੇ ਸਿਸਟਮ ਨੂੰ ਕਾਰਗਰ ਬਣਾ ਕੇ ਨੌਜਵਾਨਾਂ ਲਈ ਰੋਜ਼ਗਾਰ ਦੇ ਵਧੇਰੇ ਮੌਕੇ ਪੈਦਾ ਕੀਤੇ ਜਾ ਸਕਣ।




ਉਨ੍ਹਾਂ ਕਿਹਾ ਕਿ ਸਿੱਖ ਭਾਈਚਾਰੇ ਨੂੰ ਇੱਕ ਵਿਸ਼ਵ ਪੱਧਰੀ ਪਲੇਟਫਾਰਮ ਸਥਾਪਿਤ ਕਰਨਾ ਚਾਹੀਦਾ ਜਿਸ ਰਾਹੀਂ ਅਸੀਂ ਆਪਣੀ ਵਿਰਾਸਤੀ ਜਾਣਕਾਰੀ ਨਵੀਂ ਪੀੜ੍ਹੀ ਤੱਕ ਪੁਚਾ ਸਕੀਏ। ਇਸ ਸਬੰਧੀ ਆਪਣੇ ਵੱਲੋਂ ਕੀਤੇ ਜਾ ਰਹੇ ਕਾਰਜ ਬਾਰੇ ਦਸਦਿਆਂ ਉਨ੍ਹਾਂ ਕਿਹਾ ਕਿ ਅਸੀਂ ਦੁਬਈ ਵਿੱਚ 'ਸਿੱਖ ਵਰਲਡ' ਪ੍ਰੋਗਰਾਮ ਕਰਵਾਉਣ ਜਾ ਰਹੇ ਹਾਂ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਕੁਝ ਕਰਨ ਦੇ ਸਮਰੱਥ ਹਨ ਉਨਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਕਮਿਊਨਿਟੀ ਲਈ ਆਪਣਾ ਬਣਦਾ ਯੋਗਦਾਨ ਪਾਉਣ। ਅਜਿਹਾ ਨਾ ਕਰਨ ਤੇ ਕਮਿਊਨਿਟੀ ਦਾ ਇਲਜ਼ਾਮ ਉਹਨਾਂ ਦੇ ਸਿਰ ਰਹੇਗਾ। ਉਹਨਾਂ ਕਿਹਾ ਕਿ ਸਭ ਨੂੰ ਸਿੱਖ ਵਰਲਡ ਨਾਲ ਜੁੜਨਾ ਚਾਹੀਦਾ ਹੈ ਜਿੰਨੀ ਵੱਡੀ ਗਿਣਤੀ ਵਿੱਚ ਅਸੀਂ ਇਕੱਠੇ ਹੋਵਾਂਗੇ, ਰਲ ਕੇ ਕੋਈ ਕੰਮ ਕਰਾਂਗੇ ਓਨੀ ਹੀ ਵੱਡੀ ਸਫਲਤਾ ਅਸੀਂ ਹਾਸਲ ਕਰ ਸਕਾਂਗੇ। ਨੌਜਵਾਨ ਪੀੜ੍ਹੀ ਲਈ ਫੰਡਿੰਗ ਕਰਨ ਅਤੇ ਰੁਜ਼ਗਾਰ ਪੈਦਾ ਕਰਨ ਲਈ ਪੰਜਾਬੀ ਭਾਈਚਾਰੇ ਦਾ ਇਕ ਵਿਸ਼ਵ ਪੱਧਰੀ ਪਲੇਟਫਾਰਮ ਹੋਣਾ ਚਾਹੀਦਾ ਹੈ।

ਉਹਨਾਂ ਦੱਸਿਆ ਕਿ ਯੂਏਈ ਵਿੱਚ ਉਹਨਾਂ ਨੇ ਇੱਕ ਅਜਿਹਾ ਪਲੇਟਫਾਰਮ ਸਥਾਪਿਤ ਕੀਤਾ ਹੋਇਆ ਹੈ ਜਿੱਥੇ ਨੌਜਵਾਨਾਂ ਨੂੰ ਸਹੀ ਜਾਣਕਾਰੀ ਮੁਹੱਈਆ ਕਰਵਾਈ ਜਾਂਦੀ ਹੈ ਤੇ ਉਹਨਾਂ ਨੂੰ ਗੁੰਮਰਾਹ ਹੋਣ ਤੋਂ ਅਤੇ ਗ਼ਲਤ ਹੱਥਾਂ ਵਿੱਚ ਜਾਣ ਤੋਂ ਰੋਕਿਆ ਜਾਂਦਾ ਹੈ। ਇਸ ਪਲੇਟਫਾਰਮ ਰਾਹੀਂ ਸੈਂਕੜੇ ਕੁੜੀਆਂ ਨੂੰ ਗੁਮਰਾਹਕੁੰਨ ਅਨਸਰਾਂ ਤੋਂ ਬਚਾਇਆ ਗਿਆ ਹੈ। ਉਹਨਾਂ ਕਿਹਾ ਕਿ ਅਜਿਹੇ ਉਪਰਾਲੇ ਗਲੋਬਲ ਪੱਧਰ 'ਤੇ ਕਰਕੇ ਅਤੇ ਪਾਰਦਰਸ਼ੀ ਸੋਚ ਅਪਨਾ ਕੇ ਅਸੀਂ ਨੌਜਵਾਨਾਂ ਵਿੱਚ ਵਧ ਰਹੀ ਉਦਾਸੀਨਤਾ ਨੂੰ ਮਿਟਾ ਸਕਦੇ ਹਾਂ। ਉਹਨਾਂ ਆਪਣੇ ਪੱਧਰ 'ਤੇ ਅਜਿਹਾ ਕਰਨ ਲਈ ਯਤਨ ਜਾਰੀ ਰੱਖਣਗੇ ਦੀ ਗੱਲ ਵੀ ਕਹੀ।

ਡਾ. ਹਰਮੀਕ ਸਿੰਘ ਨੇ ਦੱਸਿਆ ਕਿ ਉਹਨਾਂ ਦੁਬਈ ਵਿੱਚ ਗੁਰੂ ਘਰ ਸਥਾਪਿਤ ਕੀਤਾ ਹੋਇਆ ਹੈ ਅਤੇ ਯੂਏਈ ਦੇ ਪ੍ਰੋਟੋਕਾਲ ਅਨੁਸਾਰ ਉਸ ਗੁਰੂ ਘਰ ਦੇ ਨਾਲ ਇੱਕ ਮਸਜਿਦ ਵੀ ਹੈ। ਉੱਥੇ ਹਿੰਦੂ, ਮੁਸਲਿਮ, ਸਿੱਖ, ਇਸਾਈ ਸਾਰੇ ਰਲ ਕੇ ਲੰਗਰ ਛਕਦੇ ਹਨ। ਉਸ ਗੁਰੂ ਘਰ ਵਿੱਚ ਹਰ ਐਤਵਾਰ ਨੂੰ 5 ਹਜਾਰ ਪ੍ਰਾਣੀ ਲੰਗਰ ਛਕਦੇ ਹਨ। ਉਹਨਾਂ ਇਹ ਵੀ ਕਿਹਾ ਕਿ ਸਿੱਖਾਂ ਦੀ ਦਸਤਾਰ ਇੱਕ ਜ਼ਿੰਮੇਵਾਰੀ ਦੀ ਨਿਸ਼ਾਨੀ ਹੈ। ਦੁਬਈ ਦੇ ਲੋਕਾਂ ਵਿਚ ਸਿੱਖਾਂ ਪ੍ਰਤੀ ਬਹੁਤ ਹੀ ਸਤਿਕਾਰ ਹੈ ਅਤੇ ਉਸ ਸਤਿਕਾਰ ਨੂੰ ਬਰਕਰਾਰ ਰੱਖਣ ਦੇ ਉਦੇਸ਼ ਤਹਿਤ ਹੀ ਉਹ ਆਪਣੀ ਪਹੁੰਚ ਅਨੁਸਾਰ ਕੁਝ ਕਰ ਰਹੇ ਹਨ। ਸਰੀ ਦੇ ਮੈਂਬਰ ਪਾਰਲੀਮੈਂਟ ਰਣਦੀਪ ਸਿੰਘ ਸਰਾਏ ਨਾਲ ਵੈਨਕੂਵਰ ਤੋਂ ਦੁਬਈ ਤੱਕ ਦਾ ਟੂਰਿਜ਼ਮ ਪ੍ਰੋਗਰਾਮ ਬਣਾਉਣ ਬਾਰੇ ਹੋਏ ਵਿਚਾਰ ਵਟਾਂਦਰੇ ਬਾਰੇ ਉਨ੍ਹਾਂ ਦੱਸਿਆ ਕਿ ਅਸੀਂ ਇਕ ਅਜਿਹਾ ਪ੍ਰੋਗਰਾਮ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਜਿਸ ਵਿਚ ਵੈਨਕੂਵਰ ਤੋਂ ਅੰਮ੍ਰਿਤਸਰ ਹਵਾਈ ਸਫ਼ਰ ਦੌਰਾਨ ਇੱਕ ਜਾਂ ਦੋ ਦਿਨ ਦਾ ਦੁਬਈ ਵਿੱਚ ਠਹਿਰਾਓ ਹੋਵੇ ਅਤੇ ਫਿਰ ਉਥੋਂ ਅੰਮ੍ਰਿਤਸਰ ਲਈ ਸਿੱਧੀ ਉਡਾਨ ਹੋਵੇ। ਇਹ ਪ੍ਰੋਗਰਾਮ ਦੁਬਈ ਟੂਰਿਜ਼ਮ ਨਾਲ ਮਿਲ ਕੇ ਬਣਾਉਣ ਦੀ ਕੋਸ਼ਿਸ਼ ਹੈ ਅਤੇ ਉਹਨਾਂ ਇਸ ਸੰਬੰਧ ਵਿੱਚ ਯੂਏਈ ਦੇ ਟੂਰਿਜ਼ਮ ਮਨਿਸਟਰ ਨਾਲ ਗੱਲਬਾਤ ਕੀਤੀ ਹੈ। ਪੰਜਾਬੀਆਂ ਵਾਸਤੇ ਇਹ ਇੱਕ ਨਵਾਂ ਟੂਰਿਜ਼ਮ ਪਲਾਨ ਬਣੇਗਾ। ਇਹ ਟੂਰਿਜ਼ਮ ਪ੍ਰੋਗਰਾਮ ਜਿੱਥੇ ਪੰਜਾਬੀਆਂ ਵਾਸਤੇ ਲਾਹੇਵੰਦ ਹੋਵੇਗਾ ਉਥੇ ਯੂਏਈ ਗੌਰਮਿੰਟ ਵਾਸਤੇ ਅਤੇ ਟੂਰਿਜ਼ਮ ਨਾਲ ਸੰਬੰਧਤ ਦੁਬਈ ਦੇ ਕਾਰੋਬਾਰੀਆਂ ਵਾਸਤੇ ਵੀ ਫਾਇਦੇਮੰਦ ਹੋਵੇਗਾ। ਇਹ ਪ੍ਰੋਗਰਾਮ ਪੰਜਾਬੀਆਂ ਵਾਸਤੇ ਵੀ ਇੱਕ ਫ਼ਖ਼ਰ ਵਾਲੀ ਗੱਲ ਹੋਵੇਗੀ।

ਜ਼ਿਕਰਯੋਗ ਹੈ ਕਿ ਭਾਰਤ ਵਿੱਚ ਜੰਮੇ ਪਲੇ ਡਾ. ਹਰਮੀਕ ਸਿੰਘ 2004 ਵਿੱਚ ਦੁਬਈ ਆਏ ਸਨ। ਕੁਝ ਦੇਰ ਨੌਕਰੀ ਕਰਨ ਉਪਰੰਤ ਉਨ੍ਹਾਂ 'ਪਲਾਨ ਬੀ' ਗਰੁੱਪ ਦੀ ਸਥਾਪਨਾ ਕੀਤੀ। ਅੰਗਰੇਜ਼ੀ ਸਾਹਿਤ ਵਿੱਚ ਬੈਚੁਲਰ ਦੀ ਡਿਗਰੀ ਨਾਲ ਲੈਸ ਅਤੇ ਬਾਅਦ ਵਿੱਚ ਰੂਸ ਦੀ ਸੰਘੀ ਯੂਨੀਵਰਸਿਟੀ ਤੋਂ ਇੱਕ ਵੱਕਾਰੀ ਡਾਕਟਰੇਟ ਨਾਲ ਸਨਮਾਨਿਤ ਡਾ. ਹਰਮੀਕ ਸਿੰਘ ਨੇ ਸਿਰਜਣਾਤਮਕਤਾ ਅਤੇ ਨਵੀਨਤਾ ਦੀ ਨਿਰੰਤਰ ਖੋਜ ਸ਼ੁਰੂ ਕੀਤੀ। ਡਿਜ਼ਾਈਨ ਅਤੇ ਪ੍ਰਿੰਟ ਵਿੱਚ ਸ਼ੁਰੂਆਤ ਕਰਕੇ ਪਲਾਨ ਬੀ ਗਰੁੱਪ ਇੱਕ ਬਹੁਪੱਖੀ ਪਾਵਰਹਾਊਸ ਵਿੱਚ ਵਿਕਸਤ ਹੋ ਚੁੱਕਿਆ ਹੈ ਜਿਸ ਵਿੱਚ ਇਵੈਂਟਸ, ਮੁਹਿੰਮਾਂ, ਰਣਨੀਤੀ, ਤਕਨਾਲੋਜੀ, ਇੰਟਰਐਕਟੀਵਿਟੀ ਅਤੇ ਗੇਮ-ਬਦਲਣ ਵਾਲੀਆਂ ਪਹਿਲਕਦਮੀਆਂ ਸ਼ਾਮਲ ਹਨ। ਡਾ. ਸਿੰਘ ਦਾ "ਬਾਕਸ ਆਫ਼ ਹੋਪ" ਪ੍ਰੋਜੈਕਟ ਇੱਕ ਮਜ਼ਬੂਤ ਨਿੱਜੀ ਵਚਨਬੱਧਤਾ ਹੈ। ਇਸ ਪ੍ਰੋਜੈਕਟ ਦੀ ਮਦਦ ਨਾਲ ਯੂਏਈ ਵਿੱਚ ਅਜੇ ਵੀ ਕਾਮਿਆਂ ਨੂੰ ਨਵੀਂ ਉਮੀਦ, ਕਾਨੂੰਨੀ ਸਹਾਇਤਾ ਅਤੇ ਸਿੱਖਿਆ ਦਿੱਤੀ ਜਾਂਦੀ ਹੈ।

ਨਾਮਵਰ ਕੰਪਨੀਆਂ ਅਤੇ ਸਰਕਾਰੀ ਸੰਸਥਾਵਾਂ ਦੇ ਨਾਲ ਕੰਮ ਕਰਦੇ ਹੋਏ ਡਾ. ਹਰਮੀਕ ਸਿੰਘ ਨੇ ਕਈ ਦੇਸ਼ਾਂ ਵਿੱਚ ਆਪਣੇ ਦਫਤਰ ਸਥਾਪਿਤ ਕਰਕੇ ਪਲਾਨ ਬੀ ਗਰੁੱਪ ਨੂੰ ਇੱਕ ਵਿਸ਼ਵਵਿਆਪੀ ਤਾਕਤ ਬਣਾਇਆ ਹੈ। ਉਹ ਦੁਬਈ ਵਿਚ ਔਰਤਾਂ ਲਈ ਸਭ ਤੋਂ ਵੱਡੇ ਖੇਡ ਸਮਾਗਮ 'ਦੁਬਈ ਮਹਿਲਾ ਦੌੜ' ਦੇ ਚੇਅਰਮੈਨ ਹਨ।

## ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਅਤੇ ਝੂਠੀਆਂ ਖਬਰਾਂ ਤੇ ਰੱਖੀ ਜਾਵੇ ਤਿੱਖੀ ਨਜ਼ਰ : ਜ਼ਿਲ੍ਹਾ ਚੋਣ ਅਫ਼ਸਰ

### ਜ਼ਿਲ੍ਹਾ ਚੋਣ ਅਫ਼ਸਰ ਨੇ ਲਿਆ ਮੀਡੀਆ ਸਰਟੀਫ਼ਿਕੇਸ਼ਨ ਤੇ ਮੋਨੀਟਰਿੰਗ ਕਮੇਟੀ ਦਾ ਜਾਇਜ਼ਾ

ਵਰਲਡ ਪੰਜਾਬੀ ਟਾਈਮਜ਼ – ਗੁਰਪ੍ਰੀਤ ਚਹਿਲ

ਬਠਿੰਡਾ, 27 ਮਾਰਚ : ਜ਼ਿਲ੍ਹਾ ਚੋਣ ਅਫਸਰ-ਕਮ-ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਨੇ ਅੱਜ ਮੀਡੀਆ ਸਰਟੀਫਿਕੇਸਨ ਤੇ ਮੋਨੀਟਰਿੰਗ ਕਮੇਟੀ (ਐਮਸੀਐਮਸੀ) ਦਾ ਦੌਰਾ ਕਰਕੇ ਜਾਇਜ਼ਾ ਲਿਆ। ਇਸ ਦੌਰਾਨ ਉਨ੍ਹਾਂ ਐਮਸੀਐਮਸੀ ਸੈੱਲ ਦੀ ਟੀਮ ਨੂੰ ਸਿਆਸੀ ਇਸ਼ਤਿਹਾਰਬਾਜ਼ੀ, ਮੁੱਲ ਦੀਆਂ ਖਬਰਾਂ ਅਤੇ ਝੂਠੀਆਂ ਖਬਰਾਂ ਤੇ ਰੱਖੀ ਜਾ ਰਹੀ ਨਜ਼ਰਸਾਨੀ ਲਈ ਹੋਰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ।



ਇਸ ਦੌਰਾਨ ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਇਲੈਕਟਰੋਨਿਕ ਮੀਡੀਆ, ਸੋਸ਼ਲ ਮੀਡੀਆ ਅਤੇ ਈ ਪੇਪਰ ਵਿੱਚ ਕੋਈ ਵੀ ਸਿਆਸੀ ਇਸ਼ਤਿਹਾਰਬਾਜ਼ੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਦੀ ਪੂਰਵ ਪ੍ਰਵਾਨਗੀ ਤੋਂ ਬਿਨਾਂ ਜਾਰੀ ਨਹੀਂ ਕੀਤੀ ਜਾ ਸਕਦੀ ਹੈ। ਇਸੇ ਤਰਾਂ ਪ੍ਰਿੰਟ ਮੀਡੀਆ ਵਿੱਚ ਵੋਟਾਂ ਵਾਲੇ ਦਿਨ ਅਤੇ ਵੋਟਾਂ ਵਾਲੇ ਦਿਨ ਤੋਂ ਇੱਕ ਦਿਨ ਪਹਿਲਾਂ ਕੋਈ ਵੀ ਸਿਆਸੀ ਇਸ਼ਤਿਹਾਰ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਛਪ ਸਕਦਾ ਹੈ।

ਇਸ ਦੌਰਾਨ ਸ. ਜਸਪ੍ਰੀਤ ਸਿੰਘ ਨੇ ਇਹ ਵੀ ਕਿਹਾ ਕਿ ਪੋਸਟਰ ਪੈਫਲਟ ਆਦਿ ਉੱਪਰ ਪ੍ਰਿੰਟਰ ਅਤੇ ਪਬਲਿਸ਼ਰ ਦਾ ਨਾਂ ਛਪਿਆ ਹੋਣਾ ਲਾਜ਼ਮੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰ ਤੇ ਬਣੀ ਮੀਡੀਆ ਸਰਟੀਫਿਕੇਸਨ ਅਤੇ ਮੋਨੀਟਰਿੰਗ ਕਮੇਟੀ ਵੱਲੋਂ ਇਲੈਕਟ੍ਰਾਨਿਕ ਅਤੇ ਸੋਸ਼ਲ ਮੀਡੀਆ ਤੇ 24 ਘੰਟੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵੱਲੋਂ ਚੋਣਾਂ ਦੌਰਾਨ ਲੋਕਾਂ ਨੂੰ ਵੋਟ ਅਧਿਕਾਰ ਪ੍ਰਤੀ ਜਾਗਰੂਕ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਜਾ ਰਹੀ ਹੈ ਪਰ ਨਾਲ ਹੀ ਉਨ੍ਹਾਂ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਸੋਸ਼ਲ ਮੀਡੀਆ ਤੇ ਆਉਣ ਵਾਲੀਆਂ ਖਬਰਾਂ ਦੀ ਪੁਸ਼ਟੀ ਕੀਤੇ ਬਿਨਾਂ ਉਹਨਾਂ ਨੂੰ ਅੱਗੇ ਸ਼ੇਅਰ ਨਾ ਕੀਤਾ ਜਾਵੇ ਤਾਂ ਜੋ ਝੂਠੀਆਂ ਖਬਰਾਂ ਦੇ ਪਸਾਰ ਨੂੰ ਰੋਕਿਆ ਜਾ ਸਕੇ।

ਇਸ ਮੌਕੇ ਮੀਡੀਆ ਸਰਟੀਫਿਕੇਸਨ ਤੇ ਮੋਨੀਟਰਿੰਗ ਕਮੇਟੀ (ਐਮਸੀਐਮਸੀ) ਸੈੱਲ ਦੇ ਮੈਂਬਰ ਸਕੱਤਰ ਸ. ਗੁਰਦਾਸ ਸਿੰਘ, ਮੈਂਬਰ ਸ. ਰੂਬਲ ਕਨੌਜੀਆ, ਸ਼੍ਰੀ ਰੋਬਿਨ ਜਿੰਦਲ ਤੋਂ ਇਲਾਵਾ ਐਮਸੀਐਮਸੀ ਟੀਮ ਦੇ ਕਰਮਚਾਰੀ ਆਦਿ ਹਾਜ਼ਰ ਸਨ।

## ਮੋਹਨ ਸਿੰਘ ਅਤੇ ਅਰਜੁਨ ਸਿੰਘ ਨੇ ਜਿੱਤੇ ਕਾਂਸੇ ਦੇ ਤਮਗੇ

ਵਰਲਡ ਪੰਜਾਬੀ ਟਾਈਮਜ਼ – ਗੁਰਬਿੰਦਰ ਸਿੰਘ ਰੋਮੀ

ਰੋਪੜ, 27 ਮਾਰਚ ; ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਜਲੰਧਰ ਵਿਖੇ ਐਤਵਾਰ ਨੂੰ ਹੋਈਆਂ ਵੈਟਰਨ ਖੇਡਾਂ ਵਿੱਚ ਵੱਖੋ-ਵੱਖ ਜਿਲ੍ਹਿਆਂ ਤੋਂ ਆਏ ਮਾਸਟਰ ਖਿਡਾਰੀਆਂ ਨੇ ਖੂਬ ਜੋਹਰ ਵਿਖਾਏ। ਇਸੇ ਦੌਰਾਨ ਜਿਲ੍ਹਾ ਰੋਪੜ ਵੱਲੋਂ 65+ ਉਮਰ ਵਰਗ ਲਈ ਖੇਡਦਿਆਂ ਮੋਹਨ ਸਿੰਘ ਚਾਹਲ ਨੇ 1500 ਮੀਟਰ ਦੌੜ ਵਿੱਚ ਅਤੇ ਅਰਜੁਨ ਸਿੰਘ ਵਰਮਾ ਨੇ ਡਿਸਕ ਥ੍ਰੋਅ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕਾਂਸੇ ਦੇ ਤਮਗੇ ਜਿੱਤੇ। ਜਿਕਰਯੋਗ ਹੈ ਕਿ ਇਹ ਦੋਵੇਂ ਮਾਸਟਰ ਅਥਲੀਟ ਕਈ ਸਾਲਾਂ ਤੋਂ ਆਪਣੀ ਸ਼ਾਨਦਾਰ ਖੇਡ ਨਾਲ ਜਿਲ੍ਹਾ ਰੋਪੜ ਅਤੇ ਪੰਜਾਬ ਸੂਬੇ ਦਾ ਨਾਂ ਰੌਸ਼ਨ ਕਰ ਰਹੇ ਹਨ।



## ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਨੇ ਸ਼ਹੀਦ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਵਤਾਰ ਪਾਸ਼ ਦਾ ਸ਼ਹੀਦੀ ਦਿਵਸ ਮਨਾਇਆ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ



ਸਰੀ, 27 ਮਾਰਚ : ਤਰਕਸ਼ੀਲ ਸੁਸਾਇਟੀ ਕੈਨੇਡਾ ਅਤੇ ਈਸਟ ਇੰਡੀਆ ਡੀਫੈਂਸ ਕਮੇਟੀ ਵਲੋਂ 23 ਮਾਰਚ ਦੇ ਸ਼ਹੀਦਾਂ ਭਗਤ ਸਿੰਘ, ਰਾਜਗੁਰੂ, ਸੁਖਦੇਵ ਅਤੇ ਅਵਤਾਰ ਪਾਸ਼ ਯਾਦਗਾਰੀ ਸ਼ਹੀਦੀ ਦਿਵਸ ਸਰੀ ਦੇ ਪ੍ਰੋਗਰੈਸਿਵ ਕਲਚਰਲ ਸੈਂਟਰ ਵਿਖੇ ਮਨਾਇਆ ਗਿਆ। ਸ਼ਹੀਦਾਂ ਨੂੰ ਨਤਮਸਤਕ ਹੁੰਦਿਆਂ ਉੱਘੇ ਇਤਿਹਾਸਕਾਰ ਸੋਹਨ ਪੂੰਨੀ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਵੱਲੋਂ ਆਪਣੇ ਛੋਟੇ ਜਿਹੇ ਸਿਆਸੀ ਜੀਵਨ ਵਿੱਚ ਭਾਰਤ ਦੀ ਜੰਗੇ-ਆਜ਼ਾਦੀ ਲਈ ਕੀਤੇ ਲਾ-ਮਿਸਾਲ ਕਾਰਨਾਮਿਆਂ ਸਦਕਾ ਉਸ ਦਾ ਨਾਮ ਵਿਸ਼ਵ ਦੇ ਸਿਰਕੱਢ ਇਨਕਲਾਬੀਆਂ ਵਿੱਚ ਸ਼ੁਮਾਰ ਹੁੰਦਾ ਹੈ। ਉਨ੍ਹਾਂ ਕਿਹਾ ਕਿ ਮਹਾਤਮਾ ਗਾਂਧੀ, ਨਹਿਰੂ ਅਤੇ ਜਿਨਾਹ ਨੂੰ ਪੂਰਨ ਆਜ਼ਾਦੀ ਦੀ ਮੰਗ ਕਰਨ ਲਈ ਭਗਤ ਸਿੰਘ ਅਤੇ ਬੀ ਕੇ ਦੱਤ ਦੇ ਅਸੰਬਲੀ ਵਿੱਚ ਬੰਬ ਸੁੱਟਣ ਦੀ ਕਾਰਵਾਈ ਨੇ ਮਜਬੂਰ ਕੀਤਾ। ਇਸ ਤੋਂ ਪਹਿਲਾਂ ਉਹ ਵੱਧ ਅਧਿਕਾਰਾਂ ਅਤੇ ਖ਼ੁਦ-ਮੁਖ਼ਤਾਰੀ ਦੀ ਮੰਗ ਤੱਕ ਸੀਮਤ ਸਨ। ਸਮਾਜਵਾਦ ਦਾ ਸੰਕਲਪ ਵੀ ਭਾਰਤ ਵਿੱਚ ਪਹਿਲੀ ਵਾਰ ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੇ ਲਿਆਂਦਾ ਸੀ।

ਡਾ. ਸਾਧੂ ਬਨਿੰਗ ਨੇ ਸ਼ਹੀਦ ਭਗਤ ਸਿੰਘ ਦੀ ਤੀਖਣ ਇਨਕਲਾਬੀ ਸਮਝ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਸਕੂਲ ਵਿਚ ਪੜ੍ਹਦਿਆਂ ਹੀ ਉਸ ਵੱਲੋਂ ਬੋਲੀ ਨੂੰ ਲੈ ਕੇ ਲਿਖਿਆ ਲੇਖ ਕਮਾਲ ਦਾ ਹੈ। ਬਾਅਦ ਵਿੱਚ ਜੇਲ ਵਿਚ 'ਮੈਂ ਨਾਸਤਿਕ ਕਿਉਂ ਹਾਂ' ਉਸ ਦੀ ਦਲੀਲ ਭਰਪੂਰ ਲੇਖਣੀ ਦੀ ਸਿਖਰ ਹੈ। ਉਨਾਂ ਡਾ. ਹਰਜੋਤ ਓਬਰਾਏ ਦੇ ਅੰਗਰੇਜ਼ੀ ਵਿਚ ਲਿਖੇ ਲੇਖ ਦਾ ਹਵਾਲਾ ਦਿੱਤਾ, ਜਿਸ ਵਿਚ ਸ਼ਹੀਦ ਭਗਤ ਸਿੰਘ ਵੱਲੋਂ ਪੜ੍ਹੇ ਗਏ ਕਮਿਊਨਿਸਟ ਅਤੇ ਵਿਸ਼ਵ ਦੇ ਕਲਾਸਕੀ ਸਾਹਿਤ ਦਾ ਜ਼ਿਕਰ ਹੈ। ਸਾਧੂ ਬਿਨਿੰਗ ਨੇ ਭਾਰਤ ਵਿੱਚ ਸਿਰ ਚੁੱਕ ਰਹੇ ਫਾਸ਼ੀਵਾਦੀ ਰੁਝਾਣ ਅਤੇ ਧਾਰਮਿਕ ਕੱਟੜਤਾ ਦੇ ਖ਼ਤਰਿਆਂ ਤੋਂ ਸੁਚੇਤ ਕਰਦਿਆਂ ਇਨ੍ਹਾਂ ਵਿਰੁੱਧ ਲੜਾਈ ਲੜਨ ਲਈ ਭਗਤ ਸਿੰਘ ਦੀਆਂ ਲਿਖਤਾਂ ਤੋਂ ਸੇਧ ਲੈਣ ਦੀ ਗੱਲ ਕੀਤੀ।

ਈਸਟ ਇੰਡੀਆ ਡੀਫੈਂਸ ਕਮੇਟੀ ਦੇ ਜਰਨਲ ਸਕੱਤਰ ਕਿਰਪਾਲ ਬੈਂਸ ਨੇ ਕਿਹਾ ਕਿ ਭਗਤ ਸਿੰਘ ਨੇ ਲੁੱਟ ਖੋਹ ਵਾਲੇ ਰਾਜਤੰਤਰ ਨੂੰ ਨਹਿਸ ਕਰਕੇ ਸਮਾਜਵਾਦ ਦੀ ਉਸਾਰੀ ਦਾ ਨਾਹਰਾ ਬੁਲੰਦ ਕੀਤਾ। ਉਨ੍ਹਾਂ ਕਿਹਾ ਕਿ ਭਗਤ ਸਿੰਘ ਨੇ ਸਮਾਜਵਾਦ ਦੀ ਉਸਾਰੀ ਲਈ ਜਨਤਕ ਜਥੇਬੰਦੀਆਂ ਬਣਾਉਣ ਅਤੇ ਜਮਾਤੀ ਸੰਘਰਸ਼ ਨੂੰ ਪ੍ਰਚੰਡ ਕਰਨ ਦੀ ਲੋੜ 'ਤੇ ਵੀ ਜ਼ੋਰ ਦਿੱਤਾ। ਕਿਰਪਾਲ ਬੈਂਸ ਨੇ ਪਾਸ਼ ਦੀ ਕਵਿਤਾ 'ਤੂਫਾਨਾਂ ਕਦੇ ਮਾਤ ਨਹੀਂ ਖਾਧੀ' ਪੜ੍ਹ ਕੇ ਸ਼ਹੀਦ ਅਵਤਾਰ ਪਾਸ਼ ਨੂੰ ਸ਼ਰਧਾਂਜਲੀ ਭੇਂਟ ਕੀਤੀ।

ਤਰਕਸ਼ੀਲ ਸੁਸਾਇਟੀ ਸਰੀ-ਵੈਨਕੂਵਰ ਦੇ ਜਰਨਲ ਸਕੱਤਰ ਗੁਰਮੇਲ ਗਿੱਲ ਨੇ ਸ਼ਹੀਦ ਭਗਤ ਸਿੰਘ ਨੂੰ ਭਾਰਤ ਵਿੱਚ ਤਰਕਸ਼ੀਲ ਲਹਿਰ ਦਾ ਮੋਢੀ ਕਰਾਰ ਦਿੱਤਾ। ਉਨ੍ਹਾਂ ਦਲੀਲਾਂ ਦੇ ਕੇ ਪਦਾਰਥਵਾਦ ਅਤੇ ਅਧਿਆਤਮਵਾਦ ਫਲਸਫਿਆਂ ਦਾ ਵਖਰੇਵਾਂ ਕਰਦਿਆਂ ਵਿਗਿਆਨ ਅਧਾਰਤ ਸੋਚ ਨੂੰ ਅਪਨਾਉਣ ਦੀ ਗੱਲ ਕੀਤੀ।

ਪ੍ਰੋਗਰਾਮ ਦੀ ਸ਼ੁਰੂਆਤ ਵਿਚ ਤਰਕਸ਼ੀਲ ਸੁਸਾਇਟੀ ਦੇ ਕੌਮੀ ਪ੍ਰਧਾਨ ਅਵਤਾਰ ਬਾਈ ਨੇ ਕਿਹਾ ਕਿ ਅੱਜ ਦੇ ਦੌਰ ਵਿੱਚ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੀਆਂ ਲਿਖਤਾਂ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। ਉਨ੍ਹਾਂ ਪੰਜਾਬ ਵਿੱਚ ਕੁਝ ਹਲਕਿਆਂ ਵੱਲੋਂ ਸ਼ਹੀਦ ਭਗਤ ਸਿੰਘ ਬਾਰੇ ਭੰਬਲਭੂਸੇ ਖੜ੍ਹੇ ਕਰਨ ਦੀਆਂ ਬੇ-ਸਿਰ-ਪੈਰ ਸਾਜ਼ਿਸ਼ਾਂ ਦਾ ਮੂੰਹ ਤੋੜਵਾਂ ਜੁਆਬ ਦੇਣ ਦਾ ਸੱਦਾ ਦਿੱਤਾ। ਤਰਕਸ਼ੀਲ ਸੁਸਾਇਟੀ ਸਰੀ-ਵੈਨਕੂਵਰ ਦੇ ਪ੍ਰਧਾਨ ਜਸਵਿੰਦਰ ਹੇਅਰ ਨੇ ਪਾਸ਼ ਦਾ ਗੀਤ 'ਸੋਨੇ ਦੀ ਸਵੇਰ ਜਦੋਂ ਆਊ ਹਾਣੀਆਂ-ਨੱਚੂਗਾ ਅੰਬਰ ਭੂਮੀ ਗਾਊ ਹਾਣੀਆਂ' ਤਰੰਨੁਮ ਵਿੱਚ ਪੇਸ਼ ਕਰਦਿਆਂ ਕਿਹਾ ਕਿ ਪਾਸ਼ ਨੇ ਨਾ ਸਿਰਫ ਉੱਚਪਾਏ ਦੀ ਇਨਕਲਾਬੀ ਕਵਿਤਾ ਤੇ ਗੀਤਾਂ ਦੀ ਰਚਨਾ ਹੀ ਕੀਤੀ, ਸਗੋਂ ਉਸ ਨੇ ਵਾਰਤਕ ਅਤੇ ਤਾਰਾ ਵਿਗਿਆਨ ਬਾਰੇ ਲਿਖਤਾਂ ਨਾਲ ਉਸ ਨੇ ਜੋਤਿਸ਼ ਵਿਦਿਆ ਦੇ ਦਾਅਵਿਆਂ ਨੂੰ ਝੂਠ ਸਾਬਤ ਕੀਤਾ।

ਇੰਜ. ਸਤਵੰਤ ਦੀਪਕ ਨੇ ਪਾਸ਼ ਦੀ ਭਗਤ ਸਿੰਘ ਬਾਰੇ ਲਿਖਤ ਦਾ ਹਵਾਲਾ ਦਿੱਤਾ, ਜਿਸ ਵਿੱਚ ਪਾਸ਼ ਨੌਜਵਾਨਾਂ ਨੂੰ ਸ਼ਹੀਦ ਭਗਤ ਸਿੰਘ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਗੱਲ ਕਰਦਾ ਹੈ। ਸੁਖਵੰਤ ਹੁੰਦਲ ਨੇ ਸ਼ਹੀਦ ਭਗਤ ਸਿੰਘ ਦੀਆਂ ਲਿਖਤਾਂ ਨੂੰ ਨਵੀਨਤਮ ਮਾਸ-ਮੀਡੀਆ ਜੁਗਤਾਂ ਦੀ ਮਦਦ ਨਾਲ ਹੋਰ ਵਧੇਰੇ ਲੋਕਾਂ ਤੱਕ ਪਹੁੰਚਾਣ ਦਾ ਸੁਝਾਅ ਦਿੱਤਾ।

ਸਮੁੱਚੇ ਸਮਾਗਮ ਦੌਰਾਨ ਮੰਚ ਸੰਚਾਲਨ ਦਾ ਕਾਰਜ ਤਰਕਸ਼ੀਲ ਸੁਸਾਇਟੀ ਐਬਟਸਫੋਰਡ-ਮਿਸ਼ਨ ਦੇ ਜਰਨਲ ਸਕੱਤਰ ਸੁਰਿੰਦਰ ਚਾਹਲ ਨੇ ਨਿਭਾਇਆ।

## ਬਹੁਪੱਖੀ ਲੇਖਕ ਈਸ਼ਰ ਸਿੰਘ ਲੰਭਵਾਲੀ ਦੀ ਪੁਸਤਕ 'ਰੱਬ ਦੀਆਂ ਅੱਖਾਂ' ਲੋਕ-ਅਰਪਣ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ , 27 ਮਾਰਚ : ਕਲਮਾਂ ਦੇ ਰੰਗ ਸਾਹਿਤ ਸਭਾ ਫਰੀਦਕੋਟ ਵਲੋਂ ਚੇਅਰਮੈਨ ਪ੍ਰੋ. ਬੀਰਇੰਦਰ ਸਰਾਂ, ਪ੍ਰਧਾਨ ਕਸ਼ਮੀਰ ਮਾਨਾ ਅਤੇ ਸ਼ਿਵਨਾਥ ਦਰਦੀ ਦੀ ਅਗਵਾਈ ਹੇਠ ਬਹੁਪੱਖੀ ਲੇਖਕ ਅਤੇ ਕਲਾਕਾਰ ਈਸ਼ਰ ਸਿੰਘ ਲੰਭਵਾਲੀ ਦੀ ਪੁਸਤਕ 'ਰੱਬ ਦੀਆਂ ਅੱਖਾਂ' ਲੋਕ-ਅਰਪਣ ਕੀਤੀ ਗਈ। ਇਸ ਤੋਂ ਇਲਾਵਾ ਇੱਕ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ। ਸਮਾਰੋਹ ਵਿੱਚ ਡਾ. ਪਰਮਿੰਦਰ ਸਿੰਘ (ਸੇਵਾ-ਮੁਕਤ ਪ੍ਰਿੰਸੀਪਲ) ਮੁੱਖ ਮਹਿਮਾਨ ਜਦਕਿ ਪ੍ਰੋ. ਤਰਸੇਮ ਨਰੂਲਾ ਅਤੇ ਸ਼੍ਰੀਮਤੀ ਮਨਪ੍ਰੀਤ ਕੌਰ ਸੰਧੂ




ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰਸਿੱਧ ਆਲੋਚਕ ਤੇ ਚਿੰਤਕ ਡਾ. ਦੇਵਿੰਦਰ ਸੈਫੀ ਨੇ ਮੁੱਖ ਵਕਤਾ ਵਜੋਂ ਪੁਸਤਕ ਬਾਰੇ ਸਾਹਿਤਕ ਦ੍ਰਿਸ਼ਟੀ ਤੋਂ ਵਿਸਥਾਰ ਸਹਿਤ ਚਰਚਾ ਕੀਤੀ। ਸਮਾਰੋਹ ਦੀ ਪ੍ਰਧਾਨਗੀ ਜਸਕਰਨ ਸਿੰਘ ਬੀ.ਪੀ.ਈ.ਓ. ਫਰੀਦਕੋਟ-2 ਨੇ ਕੀਤੀ। ਸਮਾਗਮ ਦੀ ਸ਼ੁਰੂਆਤ 'ਚ ਮੁੱਖ ਪ੍ਰਬੰਧਕ ਸ਼੍ਰੀਮਤੀ ਰਮਨਦੀਪ 'ਰਮਣੀਕ ਸਪੁੱਤਰੀ ਈਸ਼ਰ ਸਿੰਘ ਲੰਭਵਾਲੀ ਨੇ ਮੁੱਖ ਮਹਿਮਾਨ, ਵਿਸ਼ੇਸ਼ ਮਹਿਮਾਨਾਂ, ਮੁੱਖ ਵਕਤਾ, ਪੱਤਰਕਾਰਾਂ, ਸਹਿਯੋਗੀਆਂ ਅਤੇ ਦੂਰੋਂ-ਨੇੜਿਓਂ ਪਹੁੰਚੇ ਸਾਰੇ ਮਹਿਮਾਨਾਂ ਨੂੰ 'ਜੀ ਆਇਆਂ' ਕਿਹਾ ਅਤੇ ਪ੍ਰਸਿੱਧ ਸ਼ਾਇਰਾ ਸੁਖਵਿੰਦਰ ਅੰਮ੍ਰਿਤ ਦਾ ਰਿਕਾਰਡ ਕੀਤਾ ਸ਼ੁੱਭਕਾਮਨਾਵਾਂ ਦਾ ਸੰਦੇਸ਼ ਸਰੋਤਿਆਂ ਨੂੰ ਸੁਣਾਇਆ। ਇਸ ਮੌਕੇ ਈਸ਼ਰ ਸਿੰਘ ਲੰਭਵਾਲੀ ਦੇ ਹਮਸਫਰ ਸਰਦਾਰਨੀ ਮਨਜੀਤ ਕੌਰ ਅਤੇ ਦੋਹਤੀਆਂ ਨਵਰੀਤ ਕੌਰ ਤੇ ਨਵਲੀਨ ਕੌਰ ਚੰਡੀਗੜ੍ਹ ਤੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਏ। ਨਵਰੀਤ ਕੌਰ ਨੇ ਆਪਣੇ ਨਾਨਾ ਜੀ ਦੀਆਂ ਪ੍ਰਾਪਤੀਆਂ ਬਾਰੇ ਚਾਨਣਾ ਪਾਇਆ। ਇਸ ਮੌਕੇ ਕਰਵਾਏ ਗਏ ਕਵੀ ਦਰਬਾਰ ਦੌਰਾਨ ਸਾਹਿਤਕਾਰਾਂ ਨੇ ਬੜੇ ਉਤਸ਼ਾਹ ਨਾਲ ਹਾਜਰੀ ਲਵਾਈ।

## ਨਿਰੰਤਰ ਡੋਰ-ਟੂ-ਡੋਰ ਜਾ ਕੇ ਕੂੜਾ ਕਰਕਟ ਨੂੰ ਚੁਕਵਾਉਣਾ ਬਣਾਇਆ ਜਾਵੇ ਯਕੀਨੀ

### ਸਿੰਗਲ ਯੂਜ਼ ਪਲਾਸਟਿਕ ਦੇ ਖ਼ਾਤਮੇ ਲਈ ਵੱਧ ਤੋਂ ਵੱਧ ਚਲਾਣ ਕਰਨ ਦੀ ਕੀਤੀ ਹਦਾਇਤ

ਵਰਲਡ ਪੰਜਾਬੀ ਟਾਈਮਜ਼ – ਗੁਰਪ੍ਰੀਤ ਚਹਿਲ

ਬਠਿੰਡਾ, 27 ਮਾਰਚ : ਡਿਪਟੀ ਕਮਿਸ਼ਨਰ ਸ. ਜਸਪ੍ਰੀਤ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਲਤੀਫ ਅਹਿਮਦ ਵਲੋਂ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਮੀਟਿੰਗ ਹਾਲ ਚ ਜਿਲ੍ਹਾ ਵਾਤਾਵਰਣ ਕਮੇਟੀ ਦੇ ਮੱਦੇਨਜ਼ਰ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਵੀ ਦਿੱਤੇ।



ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਨੇ ਸੋਲਡ ਵੇਸਟ ਮੈਨੇਜਮੈਂਟ ਸਬੰਧੀ ਨਗਰ ਨਿਗਮ, ਨਗਰ ਪੰਚਾਇਤਾਂ ਤੇ ਨਗਰ ਕੌਂਸਲਾਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਅਧਿਕਾਰੀਆਂ ਨੂੰ ਸਿੰਗਲ ਯੂਜ਼ ਪਲਾਸਟਿਕ ਦੇ ਖ਼ਾਤਮੇ ਲਈ ਵੱਧ ਤੋਂ ਵੱਧ ਚਲਾਣ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਨਗਰ ਨਿਗਮ ਤੇ ਜ਼ਿਲ੍ਹੇ ਨਾਲ ਸਬੰਧਤ ਸਮੂਹ ਨਗਰ ਕੌਂਸਲਾਂ ਦੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਵਾਤਾਵਰਣ ਅਤੇ ਪਾਣੀ ਦੀ ਸ਼ੁੱਧਤਾ ਦੇ ਨਾਲ-ਨਾਲ ਸਾਫ਼-ਸਫ਼ਾਈ ਦੇ ਵਿੱਚ ਕਿਸੇ ਤਰ੍ਹਾਂ ਦੀ ਢਿੱਲ ਨਾ ਵਰਤੀ ਜਾਵੇ ਤੇ ਨਿਰੰਤਰ ਡੋਰ-ਟੂ-ਡੋਰ ਜਾ ਕੇ ਕੂੜਾ ਕਰਕਟ ਨੂੰ ਚੁਕਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਸਾਫ-ਸਫਾਈ ਨੂੰ ਲਾਜ਼ਮੀ ਬਣਾਇਆ ਜਾਵੇ।

ਇਸ ਮੌਕੇ ਉਨ੍ਹਾਂ ਸਬੰਧਤ ਵਿਭਾਗਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਪਲਾਸਟਿਕ ਦੀ ਵਰਤੋਂ ਨੂੰ ਸਖ਼ਤੀ ਨਾਲ ਜ਼ਿਲ੍ਹੇ ਅੰਦਰ ਰੋਕਿਆ ਜਾਵੇ ਤਾਂ ਜੋ ਇਸ ਨਾਲ ਹੋਣ ਵਾਲੀਆਂ ਅਨੇਕਾਂ ਪ੍ਰੇਸ਼ਾਨੀਆਂ ਤੋਂ ਬਚਿਆ ਜਾ ਸਕੇ।

ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ ਸ਼੍ਰੀ ਲਤੀਫ ਅਹਿਮਦ ਨੇ ਸਬੰਧਤ ਵਿਭਾਗ ਦੇ ਅਧਿਕਾਰੀਆਂ ਕੋਲੋਂ ਵਾਤਾਵਰਣ ਸਬੰਧੀ ਹੁਣ ਤੱਕ ਦੇ ਕੀਤੇ ਗਏ ਕਾਰਜਾਂ ਦੀ ਸਮੀਖਿਆ ਕੀਤੀ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨਾਲ ਪਲਾਸਟਿਕ, ਸੋਲਡ ਅਤੇ ਬਾਇਓ ਮੈਡੀਕਲ ਵੇਸਟ ਮੈਨੇਜ਼ਮੈਂਟ, ਆਵਾਜ਼ ਪ੍ਰਦੂਸ਼ਣ ਮੈਨਜ਼ਮੈਂਟ ਪਲਾਨ, ਡੋਰ ਟੂ ਡੋਰ ਕੁਲੈਕਸ਼ਨ, ਵਾਟਰ ਕੁਆਲਿਟੀ ਮੈਨੇਜ਼ਮੈਂਟ, ਸਵੀਪਿੰਗ, ਵਾਟਰ ਰੇਨ ਹਾਰਵੇਸਟਿੰਗ ਆਦਿ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ।

ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਵਾਤਾਵਰਣ ਦੀ ਸਾਂਭ-ਸੰਭਾਲ ਸਬੰਧੀ ਆਪਸੀ ਸਹਿਯੋਗ ਨਾਲ ਕਾਰਜ ਕੀਤੇ ਜਾਣ। ਉਨ੍ਹਾਂ ਅਧਿਕਾਰੀਆਂ ਨੂੰ ਇਹ ਵੀ ਕਿਹਾ ਕਿ ਜ਼ਿਲ੍ਹੇ ਨੂੰ ਸਾਫ਼-ਸੁਥਰਾ ਰੱਖਣ ਲਈ ਸਾਡੀ ਸਾਰਿਆਂ ਦੀ ਨਿੱਜੀ ਜਿੰਮੇਵਾਰੀ ਬਣਦੀ ਹੈ। ਇਸ ਦੌਰਾਨ ਸ਼੍ਰੀ ਲਤੀਫ਼ ਅਹਿਮਦ ਨੇ ਅਧਿਕਾਰੀਆਂ ਕੋਲੋਂ ਵਾਤਾਵਰਣ ਦੀ ਸੰਭਾਲ ਦੇ ਮੱਦੇਨਜ਼ਰ ਭਵਿੱਖ ਚ ਉਲਕੀਆਂ ਜਾਣ ਵਾਲੀਆਂ ਗਤੀਵਿਧੀਆਂ ਬਾਰੇ ਵੀ ਬਾਰੀਕੀ ਨਾਲ ਜਾਣਿਆ।

ਇਸ ਦੌਰਾਨ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੇ ਕਾਰਜਕਾਰੀ ਇੰਜੀਨੀਅਰ ਸ਼੍ਰੀ ਰਮਨਦੀਪ ਸਿੰਘ ਸਿੱਧੂ, ਐਸਡੀਓ ਸ਼੍ਰੀ ਰਵੀਦੀਪ ਸਿੰਘ, ਮੁੱਖ ਖੇਤੀਬਾੜੀ ਅਫ਼ਸਰ ਸ. ਕਰਨਜੀਤ ਸਿੰਘ ਗਿੱਲ, ਪੁਲਿਸ ਵਿਭਾਗ ਦੇ ਅਧਿਕਾਰੀ ਸ. ਨਰਦੇਵ ਸਿੰਘ ਤੋਂ ਇਲਾਵਾ ਸਮੂਹ ਕਾਰਜ ਸਾਧਕ ਅਫ਼ਸਰ ਆਦਿ ਹਾਜ਼ਰ ਸਨ।

## ਪਰਮਿੰਦਰ ਸਿੱਧੂ ਪਰਾਈਡ ਆਫ ਪੰਜਾਬ ਸਟੇਟ ਐਵਾਰਡ ਨਾਲ ਸਨਮਾਨਿਤ


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 27 ਮਾਰਚ : ਰਿਦਮ ਇੰਸਟੀਚਿਊਟ ਆਫ ਪਰਫਾਰਮਿੰਗ ਆਰਟਸ ਸ਼੍ਰੀ ਮੁਕਤਸਰ ਸਾਹਿਬ ਵਲੋਂ ਲਵ ਪੰਜਾਬ ਫਾਰਮ ਕੋਟਕਪੂਰਾ ਵਿਖੇ ਕਰਵਾਏ ਗਏ 17ਵੇਂ ਰਿਪਾ ਸਾਇਨਿੰਗ ਸਟਾਰ ਪੁਰਸਕਾਰ ਸਮਾਰੋਹ ਵਿਰਾਸਤ ਮੇਲਾ-2024 ’ਚ ਕੋਟਕਪੂਰਾ ਦੇ ਪਰਮਿੰਦਰ ਸਿੰਘ ਸਿੱਧੂ ਨੂੰ ਪਰਾਈਡ ਆਫ ਪੰਜਾਬ ਸਟੇਟ ਐਵਾਰਡ 2024 ਨਾਲ ਨਿਵਾਜਿਆ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਅਥਲੈਟਿਕਸ ਤੇ ਸਾਈਕਲਿੰਗ ਦੇ ਖੇਤਰ ਵਿੱਚ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਾਪਤੀਆਂ ਕਰਕੇ ਰਿਦਮ ਇੰਸਟੀਚਿਊਟ ਆਫ ਪਰਫਾਰਮਿੰਗ ਆਰਟਸ ਸ਼੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਬਾਈ ਭੋਲਾ ਯਮਲਾ ਅਤੇ ਕੋਆਰਡੀਨੇਟਰ ਵਿੱਕੀ ਬਾਲੀਵੁੱਡ ਕੋਟਕਪੂਰਾ ਵੱਲੋਂ ਇਹ ਸਨਮਾਨ ਦਿੱਤਾ ਗਿਆ ਹੈ। ਪਰਮਿੰਦਰ ਸਿੱਧੂ ਦੀ ਇਸ ਮਾਣਮੱਤੀ ਪ੍ਰਾਪਤੀ ’ਤੇ ਖੁਸ਼ੀ ਪ੍ਰਗਟ ਕਰਨ ਵਾਲਿਆਂ ਵਿੱਚ ਪ੍ਰੀਤ ਬਰਾੜ, ਜਗਪਾਲ ਸਿੰਘ, ਸਾਹਿਲ ਸਚਦੇਵਾ, ਮਨਪ੍ਰੀਤ ਅਰਸ਼ੀ, ਸਚਿਨ ਖੁਰਮੀ, ਰਾਜੂ ਕੰਡਾ, ਨਿਰਭੈ ਸਿੰਘ, ਗੁਰਤੇਜ ਚੰਦ, ਸੁਖਵਿੰਦਰ ਬਹਿਬਲ ਕਲਾਂ, ਭਾਰਤ ਭੂਸ਼ਣ, ਸੁਮਿਲ ਬਵੇਜਾ, ਸੁਖਨਿੰਦਰ ਸਿੰਘ, ਗੁਰਪ੍ਰੀਤ ਲੰਬੀ, ਨਵੀਨ ਦਿਉੜਾ, ਸਤੀਸ਼ ਸੋਨੀ, ਫਿਰਸਕੀ ਗਰੇਵਾਲ, ਬਲਵਿੰਦਰ ਸਿੰਘ, ਸਮੂਹ ਬਠਿੰਡਾ ਸਾਈਕਲ ਗਰੁੱਪ, ਸਰਕਾਰੀ ਹਾਈ ਸਕੂਲ ਬਹਿਬਲ ਕਲਾਂ, ਸਰਕਾਰੀ ਪ੍ਰਾਇਮਰੀ ਸਕੂਲ ਨਾਨਕਸਰ ਸੰਧਵਾਂ ਦੇ ਸਮੂਹ ਸਟਾਫ ਸ਼ਾਮਲ ਹੁੰਦਾ ਹੈ।

## ਰਵਿੰਦਰ ਸਹਿਰਾਅ ਦੀ ਪੁਸਤਕ ਸੁਰਖ਼ ਰਾਹਾਂ ਦੇ ਹਮਸਫ਼ਰ ਜਦੋਜਹਿਦ ਦੀ ਕਹਾਣੀ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ




ਰਵਿੰਦਰ ਸਹਿਰਾਅ ਦੀਆਂ 8 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਮੁੱਖ ਤੌਰ ਤੇ ਰਵਿੰਦਰ ਸਹਿਰਾਅ ਕਵੀ ਹੈ। ਚਰਚਾ ਅਧੀਨ ਪੁਸਤਕ ਸੁਰਖ਼ ਰਾਹਾਂ ਦੇ ਹਮਸਫ਼ਰ ਉਸ ਦੀ 9ਵੀਂ ਪ੍ਰੰਤੂ ਵਾਰਤਕ ਦੀ ਮੌਲਿਕ ਪਲੇਠੀ ਪੁਸਤਕ ਹੈ। ਇਹ ਪੁਸਤਕ ਉਸ ਨੇ 20 ਭਾਗਾਂ ਵਿੱਚ ਵੰਡੀ ਹੋਈ ਹੈ। ਇਕ ਵਾਰ ਸ਼ੁਰੂ ਕਰਕੇ ਪੁਸਤਕ ਪੂਰੀ ਪੜ੍ਹੀ ਬਿਨਾਂ ਛੱਡੀ ਨਹੀਂ ਜਾ ਸਕਦੀ, ਕਿਉਂਕਿ ਅੱਗੇ ਪੜ੍ਹਨ ਦੀ ਦਿਲਚਸਪੀ ਬਰਕਰਾਰ ਰਹਿੰਦੀ ਹੈ। ਪਹਿਲੇ ਭਾਗ ਵਿੱਚ ਆਪਣੀ ਮਾਂ ਨੂੰ ਅਕੀਦਤ ਭੇਂਟ ਕੀਤੀ ਤੇ ਪਰਿਵਾਰ ਬਾਰੇ ਦੱਸਿਆ ਹੈ। ਉਸ ਦੇ ਪਿਤਾ ਮਹਾਂ ਸਿੰਘ ਦੀ ਰਵਿੰਦਰ ਸਹਿਰਾਅ ਦੀ ਛੋਟੀ ਉਮਰ ਵਿੱਚ ਹੀ ਮੌਤ ਹੋ ਗਈ ਸੀ। ਮਾਤਾ ਬੇਅੰਤ ਕੌਰ ਨੇ ਹੀ ਆਰਥਿਕ ਤੰਗੀਆਂ ਵਿੱਚ ਉਸ ਦਾ ਪਾਲਣ ਪੋਸ਼ਣ ਕੀਤਾ ਸੀ। ਇਸ ਪੁਸਤਕ ਨੂੰ ਉਸਦੀ ਜੀਵਨੀ ਵੀ ਕਿਹਾ ਜਾ ਸਕਦਾ ਹੈ, ਜਿਸ ਵਿੱਚ ਉਸ ਨੇ ਆਪਣੀ ਜ਼ਿੰਦਗੀ ਦੀ ਜਦੋਜਹਿਦ ਦੀ ਦਾਸਤਾਂ ਦੇ ਨਾਲ ਹੀ ਨਕਸਲੀ ਲਹਿਰ ਦੇ ਸਮੇਂ, ਉਨ੍ਹਾਂ ਪ੍ਰਮੁੱਖ ਇਨਕਲਾਬੀਆਂ ਜਿਨ੍ਹਾਂ ਨਾਲ ਉਸ ਦਾ ਵਾਹ ਵਾਸਤਾ ਰਿਹਾ ਦੀਆਂ ਸਰਗਰਮੀਆਂ ਨੂੰ ਤਰਤੀਬ ਨਾਲ ਲਿਖਿਆ ਹੈ। ਉਨ੍ਹਾਂ ਉਸ ਦੇ ਸੰਪਰਕ ਵਿੱਚ ਆਏ ਇਨਕਲਾਬੀਆਂ ਦੀ ਨਿੱਕੀਆਂ ਅਤੇ ਵੱਡੀਆਂ ਸਰਗਰਮੀਆਂ ਨੂੰ ਇੰਨ ਬਿੰਨ ਲਿਖਿਆ ਹੈ। ਸਾਰੀ ਪੁਸਤਕ ਵਿੱਚ ਉਹ ਫਸਟ ਪਰਸਨ ਵਿੱਚ ਲਿਖਣ ਕਰਕੇ ਹਾਜ਼ਰ ਰਹਿੰਦਾ ਹੈ। ਇਸ ਨੂੰ ਇਨਕਲਾਬੀਆਂ ਦੇ ਛੋਟੇ-ਛੋਟੇ ਰੇਖਾ ਚਿਤਰਾਂ ਵਾਲੀ ਪੁਸਤਕ ਕਿਹਾ ਜਾ ਸਕਦਾ ਹੈ। ਇਸ ਜਦੋਜਹਿਦ ਦੌਰਾਨ ਜਿਹੜੇ ਦੋਸਤਾਂ ਮਿੱਤਰਾਂ ਨੇ ਉਸ ਦਾ ਸਾਥ ਦਿੱਤਾ ਉਨ੍ਹਾਂ ਬਾਰੇ ਵਿਸਤਾਰ ਪੂਰਬਕ ਲਿਖਿਆ ਹੋਇਆ ਹੈ। ਮੁੱਢਲੇ ਤੌਰ ‘ਤੇ ਇਸ ਪੁਸਤਕ ਨੂੰ ਇਨਕਲਾਬੀਆਂ ਦੀਆਂ ਸਰਗਰਮੀਆਂ ਦਾ ਚਿੱਠਾ ਵੀ ਕਿਹਾ ਜਾ ਸਕਦਾ ਹੈ। ਇਨਕਲਾਬੀਆਂ ਦੀਆਂ ਸਰਗਰਮੀਆਂ ਸਮੇਂ ਦੀਆਂ ਤਸਵੀਰਾਂ ਵੀ ਪੁਸਤਕ ਦੀ ਸ਼ੋਭਾ ਵਧਾਉਂਦੀਆਂ ਹਨ। ਲਹਿਰਾਂ ਦੀਆਂ ਸਰਗਰਮੀਆਂ ਬਾਰੇ ਲਿਖਣਾ ਆਉਣ ਵਾਲੀਆਂ ਪੀੜ੍ਹੀਆਂ ਲਈ ਆਪਣੇ ਪੁਰਖਿਆਂ ਦੀ ਵਿਰਾਸਤ ਨੂੰ ਜਾਨਣ ਤੇ ਸਮਝਣ ਲਈ ਲਾਹੇਬੰਦ ਹੋਵੇਗਾ, ਇਕ ਕਿਸਮ ਨਾਲ ਇਹ ਪੁਸਤਕ ਨਕਸਲੀ ਲਹਿਰ ਦਾ ਇਤਿਹਾਸ ਵੀ ਬਣ ਗਈ ਹੈ। ਰਵਿੰਦਰ ਸਹਿਰਾਅ ਦਾ ਪਿੰਡ ਦੁਆਬੇ ਵਿੱਚ ਜਲੰਧਰ ਜ਼ਿਲ੍ਹੇ ਦੀ ਬੰਗਾ ਤਹਿਸੀਲ ਵਿਚ ਹਰਦੋ ਫਰਾਲੇ ਹੈ। ਇਸ ਸਮੇਂ ਇਹ ਪਿੰਡ ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਹੈ। 1969-70 ਵਿੱਚ ਦੁਆਬੇ ਦਾ ਇਲਾਕਾ ਵੀ ਨਕਸਲੀ ਲਹਿਰ ਦਾ ਕੇਂਦਰ ਰਿਹਾ ਹੈ। ਰਵਿੰਦਰ ਸਹਿਰਾਅ 6ਵੀਂ ਸਤਵੀਂ ਜਮਾਤ ਵਿਚ ਪੜ੍ਹਦਿਆਂ ਹੀ ਨਕਸਲੀ ਲਹਿਰ ਦੇ ਜੁਝਾਰੂਆਂ ਦੇ ਤਾਲਮੇਲ ਵਿੱਚ ਉਸ ਸਮੇਂ ਆ ਗਿਆ ਜਦੋਂ ਉਹ ਅਲੂਆਂ ਨੌਜਵਾਨ ਸੀ। 1971 ਵਿਚ ਰਾਮਗੜ੍ਹੀਆ ਕਾਲਜ ਫਗਵਾੜਾ ਵਿੱਚ ਪੜ੍ਹਦਿਆਂ ਸਟੂਡੈਂਟਸ ਯੂਨੀਅਨ ਵਿਚ ਸਰਗਰਮ ਰਿਹਾ। ਮਾਰਕਸੀਆਂ ਦੀ ਫੈਡਰੇਸ਼ਨ ਨੇ ਕਾਲਜ ਵਿੱਚ ਇਕ ਪ੍ਰੋਗਰਾਮ ਰੱਖਿਆ, ਵੱਡੇ ਨੇਤਾ ਆਏ ਹੋਏ ਸਨ, ਰਵਿੰਦਰ ਸਹਿਰਾਅ ਨੇ ਉਥੇ ਮਾਸਕੋ ਕਵਿਤਾ ਪੜ੍ਹੀ, ਜਿਸ ਵਿੱਚ ਸੀ.ਪੀ.ਆਈ. ਤੇ ਸੀ.ਪੀ.ਐਮ. ਨੂੰ ਸਵਾਲ ਕੀਤੇ ਸਨ। ਕਵਿਤਾ ਦੀ ਵਿਦਿਆਰਥੀਆਂ ਨੇ ਪ੍ਰਸੰਸਾ ਕੀਤੀ। ਕਵਿਤਾ ਨੇ ਰਵਿੰਦਰ ਸਹਿਰਾਅ ਨੂੰ ਵਿਦਿਆਰਥੀ ਨੇਤਾ ਬਣਾ ਦਿੱਤਾ। ਉਸੇ ਸਮੇਂ 1973 ਵਿੱਚ ਇਨਕਲਾਬੀਆਂ ਦੇ ਇਕ ਜਲਸੇ ਵਿੱਚ ਵਿਦਿਆਰਥੀਆਂ ਨਾਲ ਗਿਆ। ਉਥੇ ਪੜ੍ਹੀਆਂ ਜਾ ਰਹੀਆਂ ਕਵਿਤਾਵਾਂ ਸੁਣਨ ਤੋਂ ਬਾਅਦ ਇਨਕਲਾਬੀਆਂ ਦਾ ਹਿੱਸਾ ਹੀ ਬਣ ਗਿਆ ਕਿਉਂਕਿ ਉਸ ਨੂੰ ਸਾਹਿਤਕ ਚੇਟਕ ਆਪਣੀ ਮਾਂ ਤੇ ਭਰਾ ਬਚਿਤਰ ਸਿੰਘ ਤੋਂ ਲੱਗ ਚੁੱਕੀ ਸੀ। ਫਿਰ ਉਹ ਇਨਕਲਾਬੀਆਂ ਦੇ ਸਨੇਹੇ ਤੇ ਚਿੱਠੀ ਪੱਤਰ ਪਹੁੰਚਾਉਣ ਦਾ ਕੰਮ ਕਰਦਾ ਰਿਹਾ। 1972 ਵਿੱਚ ਇਨਕਲਾਬੀਆਂ ਦੇ ਨਾਅਰੇ ਪਿੰਡਾਂ ਵਿੱਚ ਲਿਖਦਾ ਰਿਹਾ। ਇਕ ਵਾਰ ਜਦੋਂ 1974 ਵਿੱਚ ਉਹ ਗੜ੍ਹਸ਼ੰਕਰ ਨੇੜੇ ਇਕ ਡੇਰੇ ਵਿੱਚ ਦਰਸ਼ਨ ਖਟਕੜ ਅਤੇ ਕਾਮਰੇਡ ਹਾਕਮ ਸਮਾਓ ਕੋਲ ਗਿਆ ਹੋਇਆ ਸੀ ਤਾਂ ਪੁਲਿਸ ਦੇ ਅੜਿਕੇ ਚੜ੍ਹ ਗਿਆ। ਉਸ ਨੂੰ ਕਪੂਰਥਲਾ ਜੇਲ੍ਹ ਵਿੱਚ ਬੰਦ ਕਰ ਦਿੱਤਾ। ਉਥੇ ਹੀ ਉਹ ਪਾਸ਼, ਕੇਵਲ ਕੌਰ ਅਤੇ ਦਰਸ਼ਨ ਖਟਕੜ ਦਾ ਚਹੇਤਾ ਬਣ ਗਿਆ। ਫਿਰ ਉਸਨੂੰ ਜਲੰਧਰ ਅਤੇ ਸੰਗਰੂਰ ਜੇਲ੍ਹ ਵਿੱਚ ਵੀ ਰੱਖਿਆ, ਜਿਥੇ ਉਸ ਨੇ ਕਵਿਤਾਵਾਂ ਲਿਖੀਆਂ। ਪੁਸਤਕ ਵਿੱਚ ਸਾਹਿਤਕਾਰਾਂ ਦੀਆਂ ਧੜੇਬੰਦੀਆਂ ਬਾਰੇ ਵੀ ਲਿਖਿਆ ਹੈ। ਉਹ ਸੋਵੀਨਾਰਾਂ ਅਤੇ ਕਿਤਾਬਚਿਆਂ ਦੀ ਸੰਪਾਦਨਾ ਵੀ ਕਰਦਾ ਰਿਹਾ। ਐਮਰਜੈਂਸੀ ਦੌਰਾਨ ਵੀ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜੇਬ ਕੁਤਰੇ ਕਿਹਾ ਗਿਆ। ਉਸ ਦੌਰਾਨ ਉਸ ਤੇ ਗੁਰੂ ਕੀ ਨਗਰੀ ਬੁੱਚੜਖਾਨਾ ਵਿੱਚ ਤਸ਼ੱਦਦ ਕੀਤਾ ਗਿਆ। ਪ੍ਰੰਤੂ 1978 ਵਿੱਚ ਜੇਲ੍ਹ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਪਿੰਡ ਦੇ ਲੋਕਾਂ ਨੇ ਉਸ ਨੂੰ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਚੁਣ ਲਿਆ। ਜੇਲ੍ਹ ਵਿੱਚ ਹੋਣ ਮੌਕੇ ਦੋਵੇਂ ਵਾਰ ਕਿਸੇ ਨੇ ਉਸ ਦੀ ਜ਼ਮੀਨ ‘ਤੇ ਕਬਜ਼ਾ ਵੀ ਕਰ ਲਿਆ ਸੀ। ਫਿਰ ਕਬਜ਼ਾ ਆਪ ਹੀ ਛੁਡਵਾਇਆ। 1984 ਵਿੱਚ ਉਹ ਅਮਰੀਕਾ ਵਿੱਚ ਪ੍ਰਵਾਸ ਕਰ ਗਿਆ। ਪ੍ਰਵਾਸ ਦੀ ਜਦੋਜਹਿਦ ਵਾਲੀ ਜ਼ਿੰਦਗੀ ਬਾਰੇ ਲਿਖਦਿਆਂ ਉਸ ਨੇ ਦੱਸਿਆ ਕਿ ਪ੍ਰਵਾਸ ਦੀਆਂ ਆਰਥਿਕ ਮਜ਼ਬੂਰੀਆਂ ਕਰਕੇ 1988 ਵਿੱਚ ਆਪਣੀ ਮਾਂ ਦੇ ਸਸਕਾਰ ਤੇ ਵੀ ਨਹੀਂ ਆ ਸਕਿਆ।

ਦਰਸ਼ਨ ਖਟਕੜ ਬਾਰੇ ਸਹਿਰਾਅ ਨੇ ਲਿਖਿਆ ਹੈ ਕਿ ਉਹ ਇਨਕਲਾਬੀਆਂ ਦਾ ਸਰਗਰਮ ਯੋਧਾ ਰਿਹਾ ਹੈ। ਸਾਹਿਤ, ਸਿਆਸਤ, ਸੰਗੀਤ ਅਤੇ ਖੇਡਾਂ ਦਾ ਪ੍ਰੇਮੀ ਤੇ ਇਨਕਲਾਬੀ ਲਹਿਰ ਦਾ ਧੁਰਾ। 1971 ਵਿੱਚ ਗ੍ਰਿਫ਼ਤਾਰ ਹੋਇਆ ਪੁਲਿਸ ਨੇ ਅਤਿਅੰਤ ਤਸ਼ੱਦਦ ਕੀਤਾ ਦੋ ਸਾਲ ਜੇਲ੍ਹ ਵਿੱਚ ਰਹਿ ਕੇ 1973 ਵਿੱਚ ਰਿਹਾ ਹੋਇਆ। ਦਾਰਸ਼ਨਿਕ ਚਿਹਰੇ ਵਾਲਾ, ਨਮਰ ਸੁਭਾਅ, ਸ਼ਹਿਣਸ਼ੀਲਤਾ ਦਾ ਮੁਜੱਸਮਾ, ਦੁੱਖ ਸੁੱਖ ਦਾ ਸਹਾਇਕ ਅਤੇ ਦਲੀਲ ਨਾਲ ਗੱਲ ਮਨਵਾਉਣ ਦੇ ਸਮਰੱਥ ਇਨਕਲਾਬੀ ਵਿਅਕਤੀ ਹੈ।

ਅਮੋਲਕ ਸਿੰਘ ਜੰਮੂ ਇੱਕ ਸੰਵੇਦਨਸ਼ੀਲ ਵਿਅਕਤੀ, ਸਿਰੜ੍ਹੀ ਇਨਸਾਨ ਅਤੇ ਪ੍ਰਤੀਬੱਧ ਪੱਤਰਕਾਰ ਸੀ। ਪੰਜਾਬੀ ਟਰਬਿਊਨ ਵਿੱਚ ਲੰਬਾ ਸਮਾਂ ਪੱਤਰਕਾਰੀ ਕਰਨ ਤੋਂ ਬਾਅਦ ਉਹ 1997 ਵਿੱਚ ਅਮਰੀਕਾ ਚਲਾ ਗਿਆ। ਉਥੇ ਜਾ ਕੇ ਉਸ ਨੇ ‘ਪੰਜਾਬ ਟਾਈਮਜ਼’ ਨਾਮ ਦਾ ਸ਼ਿਕਾਗੋ ਤੋਂ ਅਖ਼ਬਾਰ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ। ਅਖ਼ਬਾਰ ਨੂੰ ਸਥਾਪਤ ਕਰਨ ਲਈ ਬੜੀ ਜਦੋਜਹਿਦ ਕੀਤੀ ਤੇ ਸਫਲਤਾ ਦੇ ਝੰਡੇ ਵੀ ਗੱਡੇ। ਨਾਮੁਰਾਦ ਬਿਮਾਰੀ ਦੀ ਹਾਲਤ ਵਿੱਚ ਵੀ ਦ੍ਰਿੜ੍ਹਤਾ ਨਾਲ ਕੰਮ ਕਰਦਾ ਰਿਹਾ। ਹਰ ਸਾਲ ਉਹ ਪੰਜਾਬ ਟਾਈਮਜ਼ ਦਾ ਸਾਲਾਨਾ ਪ੍ਰੋਗਰਾਮ ਸ਼ਾਨੋ ਸ਼ੌਕਤ ਨਾਲ ਕਰਦਾ ਸੀ। ਪੰਜਾਬ ਟਾਈਮਜ਼ ਨਾਈਟ ਉਸ ਦੀ ਮੌਤ ਤੋਂ ਬਾਅਦ ਵੀ ਉਸ ਦੀ ਪਤਨੀ ਜਸਪ੍ਰੀਤ ਕੌਰ ਤੇ ਬੇਟਾ ਮਨਦੀਪ ਕਰ ਰਹੇ ਹਨ।

‘ਪਿੰਡ ਅਤੇ ਪਿੰਡ ਦੇ ਰਿਆੜ’ ਸਿਰਲੇਖ ਹੇਠ ਆਪਣੇ ਪਿੰਡ ਦੀਆਂ ਖ਼ੂਬੀਆਂ ਅਤੇ ਪ੍ਰਸਿੱਧ ਸਮਾਜ ਸੇਵਕਾਂ, ਸਾਹਿਤਕਾਰਾਂ, ਪ੍ਰਵਾਸ ਵਿੱਚ ਵਸੇ ਪਰਿਵਾਰਾਂ ਅਤੇ ਉਦਮੀਆਂ ਬਾਰੇ ਜਾਣਕਾਰੀ ਦਿੱਤੀ ਹੈ। ਪਿੰਡ ਦੇ ਰਿਆੜਾਂ ਦੇ ਸੁਭਾਅ ਬਾਰੇ ਦ੍ਰਿਸ਼ਟਕ ਰੂਪ ਵਿੱਚ ਲਿਖਿਆ। ਪਿੰਡਾਂ ਦੀਆਂ ਸੱਥਾਂ ਦੀ ਚੁੰਝ ਚਰਚਾ, ਬੰਤਾ ਸਿੰਘ ਦਾ ਮੁਗਦਰ ਚੁੱਕਣਾ, ਤਾਸ਼ ਖੇਡਣਾ, ਬਿਮਾਰੀ ਨਾਲ ਕਿਵੇਂ ਨਿਪਟਣਾ, ਪੜ੍ਹੇ ਲਿਖੇ ਤੇ ਅਨਪੜ੍ਹਾਂ ਦੇ ਵਿਚਾਰਾਂ ਦਾ ਅੰਤਰ ਅਤੇ ਦੁਰਗਾ ਦਾਸ ਦੀ ਨਕਲ ਲਾਉਣਾ ਵਿਸ਼ੇਸ਼ ਤੌਰ ‘ਤੇ ਵਰਣਨਯੋਗ ਹਨ।

ਕਮਲਜੀਤ ਸਿੰਘ ਵਿਰਕ ਨਡਾਲੇ ਕਾਲਜ ਵਿੱਚ ਪੜ੍ਹਦਿਆਂ ਪੀ.ਐਸ.ਯੂ.ਨਾਲ ਜੁੜ ਗਿਆ। ਭਾਸ਼ਣ ਕਲਾ ਦਾ ਮਾਹਿਰ, ਨਡਾਲਾ, ਬੇਗੋਵਾਲ, ਕਪੂਰਥਲਾ ਅਤੇ ਸੁਲਤਾਨਪੁਰ ਲੋਧੀ ਕਾਲਜਾਂ ਵਿੱਚ ਯੂਨਿਟਾਂ ਬਣਾ ਦਿੱਤੀਆਂ। ਪੰਜਾਬ ਯੂਨਿਟ ਦਾ ਖਜਾਨਚੀ ਬਣ ਗਿਆ। ਐਮਰਜੈਂਸੀ ਸਮੇਂ ਜੇਲ੍ਹ ਵਿੱਚ ਰਿਹਾ। 1981 ਵਿੱਚ ਅਮਰੀਕਾ ਚਲਾ ਗਿਆ।

ਡਾ.ਜਗਤਾਰ ਪੰਜਾਬੀ ਦਾ ਸੁਪ੍ਰਸਿੱਧ ਗ਼ਜ਼ਲਕਾਰ ਹੋਇਆ ਹੈ। ਰਵਿੰਦਰ ਸਹਿਰਾਅ ਨੇ ਜਗਤਾਰ ਨਾਲ ਬਿਤਾਏ ਪਲਾਂ ਦਾ ਜ਼ਿਕਰ ਕਰਦਿਆਂ ਕਿਹਾ ਹੈ ਕਿ ਉਹ ਨਕਸਲੀ ਲਹਿਰ ਵਿੱਚ ਸ਼ਾਮਲ ਤਾਂ ਨਹੀਂ ਸੀ ਪ੍ਰੰਤੂ ਪ੍ਰਭਾਵਤ ਜ਼ਰੂਰ ਸੀ। ਸੰਜੀਦਾ ਵਿਅਕਤੀ ਸੀ। ਉਸ ਦਾ ਜਨਮ 23 ਮਾਰਚ 1935 ਨੂੰ ਹੋਇਆ ਤੇ ਉਹ 30 ਮਾਰਚ 2010 ਨੂੰ ਸਵਰਗਵਾਸ ਹੋ ਗਿਆ। ਦੋਸਤਾਂ ਦੀਆਂ ਮਹਿਫਲਾਂ ਦਾ ਸ਼ਿੰਗਾਰ ਸੀ ਪ੍ਰੰਤੂ ਘੱਟ ਬੋਲਦਾ ਸੀ। ਕਲਮ ਦਾ ਧਨੀ ਸੀ।

ਸੰਤ ਰਾਮ ਉਦਾਸੀ ਇਨਕਲਾਬੀ ਬੋਲਾਂ ਨੂੰ ਅੰਬਰਾਂ ਤੱਕ ਪਹੁੰਚਾਉਣ ਵਾਲਾ ਸੀ। ਉਹ ਲਿਖਦਾ ਉਦਾਸੀ ‘ਤੇ ਇਨਕਲਾਬੀ ਕਵਿਤਾਵਾਂ ਲਿਖਣ ਕਰਕੇ 1974 ਦੀ ਮੋਗਾ ਹੜਤਾਲ ਸਮੇਂ ਬਹੁਤ ਤਸ਼ੱਦਦ ਹੋਇਆ। ਉਦਾਸੀ ਦਾ ਜਨਮ ਵਰਤਮਾਨ ਬਰਨਾਲਾ ਜਿਲ੍ਹੇ ਦੇ ਰਾਏਸਰ ਪਿੰਡ ਵਿੱਚ 20 ਅਪ੍ਰੈਲ 1939 ਨੂੰ ਹੋਇਆ। ਗ਼ਰੀਬੀ ਤੇ ਮੁਸੀਬਤਾਂ ਨੇ ਘੇਰੀ ਰੱਖਿਆ। ਦੁਆਬੇ ਦੇ ਪਿੰਡਾਂ ਵਿੱਚ ਗੁਰਸ਼ਰਨ ਭਾਅ ਦੇ ਨਾਟਕਾਂ ਵਿੱਚ ਆਪਣੇ ਗੀਤ ਗਾਉਂਦਾ ਸੀ।

Êਪ੍ਰੋ.ਨਿਰੰਜਨ ਸਿੰਘ ਢੇਸੀ 1968-70 ਵਿੱਚ ਪੰਜਾਬ ਸਟੂਡੈਂਟਸ ਯੂਨੀਅਨ ਦਾ ਪ੍ਰਧਾਨ ਰਿਹਾ। ਬੇਰਿੰਗ ਕਾਲਜ ਬਟਾਲਾ ਵਿੱਚ ਲੈਕਚਰਾਰ, ਮੋਗਾ ਹੜਤਾਲ ਸਮੇਂ ਵਿਦਿਆਰਥੀਆਂ ਦਾ ਸਲਾਹਕਾਰ ਰਿਹਾ। ਜੇਲ੍ਹ ਯਾਤਰਾ ਵੀ ਕੀਤੀ। ਸੇਵਾ ਮੁਕਤੀ ਤੋਂ ਬਾਅਦ ਅਮਰੀਕਾ ਚਲਾ ਗਿਆ। ਇਸ ਸਮੇਂ ਉਹ ਸੰਸਾਰ ਵਿੱਚ ਨਹੀਂ ਹਨ।

ਅਵਤਾਰ ਸਿੰਘ ਸੰਧੂ (ਪਾਸ਼) ਨਾਲ ਆਪਣੇ ਬਿਤਾਏ ਪਲਾਂ ਬਾਰੇ ਵਿਸਤਾਰ ਪੂਰਬਕ ਲਿਖਿਆ ਹੈ। ਉਹ ਪਾਸ਼ ਦੇ ਪ੍ਰੋਗਰਾਮ ਵੀ ਕਰਵਾਉਂਦਾ ਰਿਹਾ। ਪਾਸ਼ ਨੂੰ ਵੀ ਜੇਲ੍ਹ ਜਾਣਾ ਪਿਆ। ਪਾਸ਼ ਨਕਸਲੀ ਲਹਿਰ ਦੀ ਧੜੇਬੰਦੀ ਤੋਂ ਨਿਰਾਸ਼ ਸੀ। ਪਾਸ਼ ਨੇ ਪਰਚਾ ਸਿਆੜ ਵੀ ਕੱਢਿਆ। 1985 ਵਿੱਚ ਪਾਸ਼ ਅਮਰੀਕਾ ਗਿਆ ਤੇ ‘ਐਂਟੀ ਫੋਰਟੀ ਸੈਵਨ’ ਪਰਚਾ ਕੱਢਿਆ। 9 ਸਤੰਬਰ 1950 ਨੂੰ ਜਨਮੇ ਪਾਸ਼ ਨੂੰ 23 ਮਾਰਚ 1988 ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।

ਅਨੂਪ ਵਿਰਕ ਯਾਰਾਂ ਦਾ ਯਾਰ, ਯਾਰਾਂ ਦੀ ਮਹਿਫਲ ਦਾ ਸ਼ਿੰਗਾਰ ਹੁੰਦਾ ਸੀ। ਆਪਣੀ ਬੇਟੀ ਕੋਲ ਅਮਰੀਕਾ ਚਲਾ ਗਿਆ। 10 ਮਈ 1944 ਨੂੰ ਪਿੰਡ ਨੱਢਾ ਜਿਲ੍ਹਾ ਗੁਜਰਾਂਵਾਲਾ ਵਿੱਚ ਪੈਦਾ ਹੋਇਆ ਤੇ 14 ਅਕਤੂਬਰ 2023 ਨੂੰ ਸਵਰਗਵਾਸ ਹੋ ਗਿਆ।

ਜਾਵੇਦ ਬੂਟਾ ਲਹਿੰਦੇ ਪੰਜਾਬ ਦਾ ਪੰਜਾਬੀ ਨੂੰ ਪਿਆਰ ਕਰਨ ਵਾਲਾ ਅਦੀਬ ਸੀ ਜਿਹੜਾ ‘ਅਕੈਡਮੀ ਆਫ ਪੰਜਾਬ ਇਨ ਨੌਰਥ ਅਮਰੀਕ’ ਬਣਾ ਕੇ ਦੋਸਤਾਂ ਦੀਆਂ ਮਿਲਣੀਆਂ ਕਰਦਾ ਰਹਿੰਦਾ ਸੀ। 10 ਜੂਨ 1946 ਨੂੰ ਸਾਂਝੇ ਪੰਜਾਬ ਵਿੱਚ ਜਨਮਿਆਂ 4 ਮਈ 2032 ਨੂੰ ਅਮਰੀਕਾ ਵਿੱਚ ਸਵਰਗਵਾਸ ਹੋ ਗਿਆ।

ਜਸਵਿੰਦਰ ਸ਼ਾਇਰ ਸਹਿਜ ਸੰਜਮ ਤੇ ਮਿੱਠ ਬੋਲੜਾ ਹੈ। ਬਾਕਮਾਲ ਦਾ ਸ਼ਾਇਰ ਹੈ। ਦੋਸਤਾਂ ਦੀਆਂ ਦੀ ਦੋਸਤੀ ਨਿਭਾਉਣ ਜਾਣਦਾ ਹੈ।ਪੁਸਤਕ ਦਾ ਅਖ਼ੀਰਲਾ ਭਾਗ ਇੱਕ ਆਮਿਸ਼ ਫਿਰਕੇ ਦਾ ਹੈ, ਜਿਹੜਾ ਲੰਡਨ ਤੋਂ ਅਮਰੀਕਾ ਆ ਕੇ ਵਸਿਆ ਸੀ। ਉਸ ਨੂੰ ਆਮਿਸ਼ ਕੰਟਰੀ ਕਹਿੰਦੇ ਹਨ। ਉਸ ਦੀਆਂ ਪਰੰਪਰਾਵਾਂ, ਰੀਤੀ ਰਿਵਾਜ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਹੈ ਜੋ ਅਮਨ ਪਸੰਤ ਸ਼ਾਂਤਮਈ ਜੀਵਨ ਜਿਓਣ ਵਾਲੇ ਲੋਕ ਹਨ।

164 ਪੰਨਿਆਂ, 295 ਰੁਪਏ ਕੀਮਤ ਵਾਲੀ ਇਹ ਪੁਸਤਕ ਚੇਤਨਾ ਪ੍ਰਕਾਸ਼ਨ ਲੁਧਿਆਣਾ ਨੇ ਪ੍ਰਕਾਸ਼ਤ ਕੀਤੀ ਹੈ।

## ਜ਼ਿਲ੍ਹਾ ਪ੍ਰਧਾਨ ਅਮ੍ਰਿਤਵੀਰ ਸਿੰਘ ਵੱਲੋਂ ਵੱਖ ਵੱਖ ਬਲਾਕਾਂ ਵਿੱਚੋਂ ਚੁਣੇ ਗਏ ਨਵੇਂ ਆਹੁਦੇਦਾਰਾਂ ਨੂੰ ਵਧਾਈ।

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫਰੀਦਕੋਟ 27 ਮਾਰਚ : ਐਮ ਪੀ ਏ ਪੀ 295 ਜ਼ਿਲ੍ਹਾ ਫ਼ਰੀਦਕੋਟ ਦਾ ਵਿਸਥਾਰ ਕਰਦੇ ਹੋਏ ਜ਼ਿਲ੍ਹਾ ਪ੍ਰਧਾਨ ਨੇ ਵੱਖ- ਵੱਖ ਬਲਾਕਾਂ ਵਿਚੋਂ ਨਵੇਂ ਚੁਣੇ ਗਏ ਆਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਅਮ੍ਰਿਤਵੀਰ ਸਿੰਘ ਨੇ ਆਹੁਦੇਦਾਰਾਂ ਨੂੰ ਵੱਖ ਵੱਖ ਬਲਾਕਾਂ ਵਿੱਚ ਜਾ ਕੇ ਬਲਾਕ ਮੈਂਬਰਾਂ ਦੀਗਿਣਤੀ ਵਧਾਉਣ ਦਾ ਕੰਮ ਦਿੱਤਾ ਬਲਾਕ ਪੰਜਗਰਾਈਂ ਦੇ ਆਹੁਦੇਦਾਰ ਡਾਕਟਰ ਸਰਾਜ ਖ਼ਾਨ





ਜ਼ਿਲ੍ਹਾ ਜਨਰਲ ਸੈਕਟਰੀ, ਡਾਕਟਰ ਜਸਵਿੰਦਰ ਸਿੰਘ ਖੀਵਾ ਚੇਅਰਮੈਨ ਮਨੇਜਮੈਂਟ ਕਮੇਟੀ, ਡਾਕਟਰ ਰਾਜ ਸਿੰਘ ਜ਼ਿਲ੍ਹਾ ਡੈਲੀਗੇਟ, ਬਲਾਕ ਕੋਟਕਪੂਰਾ ਤੋਂ ਜ਼ਿਲ੍ਹਾ ਖਜਾਨਚੀ ਡਾਕਟਰ ਜਗਸੀਰ ਸਿੰਘ, ਵੈਦ ਬਗੀਚਾ ਸਿੰਘ ਜ਼ਿਲ੍ਹਾ ਸਪੋਕਸਮੈਨ, ਡਾਕਟਰ ਸੁਖਚੈਨ ਸਿੰਘ ਸੰਧੂ ਜ਼ਿਲ੍ਹਾ ਮੀਤ ਪ੍ਰਧਾਨ, ਡਾਕਟਰ ਕਰਮ ਸਿੰਘ ਢਿਲਵਾਂ ਜ਼ਿਲ੍ਹਾ ਪ੍ਰੈਸ ਸਕੱਤਰ , ਡਾਕਟਰ ਵਿਕਰਮ ਸਿੰਘ ਜ਼ਿਲ੍ਹਾ ਡੈਲੀਗੇਟ , ਬਲਾਕ ਖਾਰਾ ਤੋਂ ਡਾਕਟਰ ਅਮ੍ਰਿਤਵੀਰ ਸਿੰਘ ਸਿੱਧੂ ਡਾਕਟਰ ਗੁਰਪਾਲ ਸਿੰਘ ਸਿੱਧੂ ਜ਼ਿਲ੍ਹਾ ਸਪੋਕਸਮੈਨ, ਡਾਕਟਰ ਗੁਰਤੇਜ ਸਿੰਘ ਖ਼ਾਲਸਾ ਮਨੇਜਮੈਂਟ ਕਮੇਟੀ ਮੈਂਬਰ, ਬਲਾਕ ਜੈਤੋ ਤੋਂ ਡਾਕਟਰ ਬਲਵਿੰਦਰ ਸਿੰਘ ਐੱਮ ਸੀ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਡਾਕਟਰ ਜਲੰਧਰ ਸਿੰਘ ਮਨੇਜਮੈਂਟ ਕਮੇਟੀ ਮੈਂਬਰ, ਡਾਕਟਰ ਬਲਦੇਵ ਸਿੰਘ ਰੋਮਾਣਾ ਜ਼ਿਲ੍ਹਾ ਡੈਲੀਗੇਟ, ਬਲਾਕ ਬਾਜਾਖਾਨਾ ਤੋਂ ਡਾਕਟਰ ਜਰਨੈਲ ਸਿੰਘ ਡੋਡ ਜ਼ਿਲ੍ਹਾ ਚੇਅਰਮੈਨ, ਡਾਕਟਰ ਅਮਰਜੀਤ ਸਿੰਘ ਲੰਬਵਾਲੀ ਜ਼ਿਲ੍ਹਾ ਮੀਤ ਪ੍ਰਧਾਨ, ਡਾਕਟਰ ਅਮਨਦੀਪ ਕੌਂਰ ਜ਼ਿਲ੍ਹਾ ਕੁਆਰਡੀਨੇਟਰ ਇਸਤਰੀ ਵਿੰਗ, ਬਲਾਕ ਬਰਗਾੜੀ ਤੋਂ ਡਾਕਟਰ ਬਲਵਿੰਦਰ ਸਿੰਘ ਮਨੇਜਮੈਂਟ ਕਮੇਟੀ ਮੈਂਬਰ, ਡਾਕਟਰ ਮਨਜੀਤ ਸਿੰਘ ਰਣ ਸਿੰਘ ਵਾਲਾ ਜ਼ਿਲ੍ਹਾ ਸਪੋਕਸਮੈਨ ਨੂੰ ਜ਼ਿੰਮੇਵਾਰੀ ਸੌਂਪੀ।

## ਮਜ਼ਦੂਰ ਵਰਗ ਦਾ ਲੇਖਕ : ਮੈਕਸਿਮ ਗੋਰਕੀ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਗੋਰਕੀ ਪੂਰੀ ਦੁਨੀਆਂ ਦੀ ਮਿਹਨਤਕਸ਼-ਮਜ਼ਦੂਰ ਜਮਾਤ ਦਾ ਮਹਾਨ ਲੇਖਕ ਸੀ। ਰੂਸ ਵਿੱਚ ਮਜ਼ਦੂਰ ਵਰਗ ਦੇ ਪੂਰੇ ਕ੍ਰਾਂਤੀਕਾਰੀ ਦੌਰ ਵਿੱਚ ਅਕਤੂਬਰ ਸਮਾਜਵਾਦੀ ਕ੍ਰਾਂਤੀ ਅਤੇ ਉਸਤੋਂ ਬਾਦ ਦੇ ਸਮਾਜਵਾਦੀ ਨਿਰਮਾਣ ਤੱਕ ਦੇ ਲੰਮੇ ਦੌਰ ਵਿੱਚ ਗੋਰਕੀ ਨੇ ਆਪਣੀਆਂ ਕਹਾਣੀਆਂ, ਨਾਟਕਾਂ, ਲੇਖਾਂ ਅਤੇ ਨਾਵਲਾਂ ਦੇ ਮਾਧਿਅਮ ਰਾਹੀਂ ਹਰ ਕਦਮ ਤੇ ਮਿਹਨਤਕਸ਼ ਲੋਕਾਂ ਨੂੰ ਆਪਣੀਆਂ ਪਰਿਸਥਿਤੀਆਂ ਦੇ ਵਿਰੁੱਧ ਸੰਘਰਸ਼ ਕਰਨ ਦੀ ਪ੍ਰੇਰਨਾ ਦਿੱਤੀ। ਉਹ ਆਪਣੇ ਸਮੇਂ ਵਿੱਚ ਦੱਬੀ-ਕੁਚਲੀ ਜਨਤਾ ਦੀ



ਆਵਾਜ਼ ਬਣ ਕੇ ਉਭਰਿਆ। ਉਹ ਆਪਣੀ ਕਲਮ ਨਾਲ ਰੂਸੀ ਸਾਹਿਤ ਅਤੇ ਜਨਤਾ ਵਿੱਚ ਪਰਿਵਰਤਨ ਲਈ ਇੱਕ ਨਵੀਂ ਊਰਜਾ ਦਾ ਸੰਚਾਰ ਕਰਦਾ ਰਿਹਾ।

28 ਮਾਰਚ 1868 ਨੂੰ ਰੂਸ ਦੇ ਵੋਲਗਾ ਨਦੀ ਦੇ ਕਿਨਾਰੇ ਇੱਕ ਬਸਤੀ ਵਿੱਚ ਅਲੈਕਸੇਈ ਮੈਕਸਿਮੋਵਿਚ ਦਾ ਜਨਮ ਹੋਇਆ, ਜੋ ਆਪਣੀਆਂ ਲਿਖਤਾਂ ਰਾਹੀਂ ਮੈਕਸਿਮ ਗੋਰਕੀ ਬਣ ਕੇ ਪੂਰੀ ਦੁਨੀਆਂ ਤੇ ਛਾ ਗਿਆ। ਸੱਤ ਸਾਲ ਦੀ ਉਮਰ ਵਿੱਚ ਹੀ ਅਨਾਥ ਹੋ ਜਾਣ ਵਾਲੇ ਗੋਰਕੀ ਨੂੰ ਬੜੀ ਛੇਤੀ ਹੀ ਇਸ ਸੱਚਾਈ ਦਾ ਸਾਹਮਣਾ ਹੋ ਗਿਆ ਕਿ ਜ਼ਿੰਦਗੀ ਇੱਕ ਸੰਘਰਸ਼ ਦਾ ਨਾਂ ਹੈ। ਗੋਰਕੀ ਬਚਪਨ ਤੋਂ ਹੀ ਇੱਕ ਮਜ਼ਦੂਰ ਦੇ ਰੂਪ ਵਿੱਚ ਵਧਿਆ- ਫੁੱਲਿਆ ਅਤੇ ਘਰ ਦੇ ਕੰਮਾਂ ਤੋਂ ਲੈ ਕੇ ਬੇਕਰੀ ਦੀਆਂ ਫੈਕਟਰੀਆਂ, ਜਹਾਜ਼ਾਂ ਅਤੇ ਖੇਤਾਂ ਵਿੱਚ ਕਈ ਤਰ੍ਹਾਂ ਦੇ ਕੰਮ ਕਰਦਿਆਂ ਉਹਦਾ ਬਚਪਨ ਮਿਹਨਤ ਅਤੇ ਸੰਘਰਸ਼ ਵਿੱਚ ਬੀਤਿਆ।

ਮਾਪਿਆਂ ਦੇ ਗੁਜ਼ਰ ਜਾਣ ਪਿੱਛੋਂ ਉਹ ਕੁਝ ਸਮਾਂ ਨਾਨੀ ਕੋਲ ਰਿਹਾ। ਸਮਾਜ ਦੇ ਸਭ ਤੋਂ ਗਰੀਬ ਲੋਕਾਂ ਦੀਆਂ ਗੰਦੀਆਂ ਬਸਤੀਆਂ ਵਿੱਚ ਪਲ ਕੇ ਉਹ ਸਿਆਣਾ ਹੋਇਆ। ਨਾਨੀ ਦੀ ਮੌਤ ਪਿੱਛੋਂ ਗੋਰਕੀ ਨੇ 13 ਸਾਲ ਦੀ ਉਮਰ ਵਿੱਚ ਘਰ ਛੱਡ ਦਿੱਤਾ ਅਤੇ ਕਈ ਥਾਂਵਾਂ ਤੇ ਕੰਮ ਕਰਦਿਆਂ ਰੂਸ ਦੇ ਕਈ ਹਿੱਸਿਆਂ ਵਿੱਚ ਘੁੰਮਦਾ ਰਿਹਾ। ਇਸ ਦੌਰਾਨ ਉਹਨੂੰ ਸਮਾਜ ਨੂੰ ਹੋਰ ਨੇੜਿਓਂ ਵੇਖਣ ਦਾ ਮੌਕਾ ਮਿਲਿਆ।

ਬਚਪਨ ਤੋਂ ਹੀ ਢਿੱਡ ਭਰਨ ਲਈ ਉਹਨੇ ਪਾਵਰੋਟੀ ਬਣਾਉਣ, ਨਮਕ ਬਣਾਉਣ ਦੇ ਕਾਰਖਾਨੇ ਵਿੱਚ ਕੰਮ ਕਰਨ ਤੋਂ ਲੈ ਕੇ ਗੋਦੀ ਮਜ਼ਦੂਰ, ਰਸੋਈਆ, ਅਰਦਲੀ, ਕੁਲੀ, ਮਾਲੀ, ਸੜਕ ਬਣਾਉਣ ਵਾਲੇ ਮਜ਼ਦੂਰ ਵਜੋਂ ਕੰਮ ਕੀਤਾ। ਸਮਾਜ ਦੇ ਮਿਹਨਤਕਸ਼, ਗਰੀਬ, ਆਵਾਰਾ, ਗੰਦੀ ਬਸਤੀਆਂ ਦੇ ਲੋਕਾਂ ਵਿੱਚ ਜੀਵਨ ਬਿਤਾਉਂਦਿਆਂ ਉਹਨੇ ਜ਼ਿੰਦਗੀ ਦੀ ਕਿਤਾਬ ਤੋਂ ਵਿੱਦਿਆ ਹਾਸਲ ਕੀਤੀ। ਭਾਵੇਂ ਉਹਨੇ ਸਕੂਲ ਦਾ ਮੂੰਹ ਤੱਕ ਨਹੀਂ ਸੀ ਵੇਖਿਆ ਪਰ ਪੰਦਰਾਂ ਪੰਦਰਾਂ ਘੰਟੇ ਲੱਕਤੋੜ ਮਿਹਨਤ ਨਾਲ ਮਿਲੇ ਅਨੁਭਵਾਂ ਨੇ ਉਹਨੂੰ ਮਜ਼ਦੂਰ ਵਰਗ ਦਾ ਸੱਚਾ ਲੇਖਕ ਬਣਾ ਦਿੱਤਾ।

ਬਚਪਨ ਦੇ ਵੱਖ ਵੱਖ ਅਨੁਭਵ ਅਤੇ ਤੱਤਕਾਲੀ ਰੂਸ ਵਿੱਚ ਜ਼ਾਰਸ਼ਾਹੀ ਡਿਕਟੇਟਰਸ਼ਿਪ ਤੇ ਦਮਨ ਪੀੜਾ ਉਹਦੀਆਂ ਲਿਖਤਾਂ ਦਾ ਆਧਾਰ ਬਣੀ ਅਤੇ ਉਹ ਜਨਤਾ ਦੇ ਮੁਕਤੀ ਸੰਘਰਸ਼ ਦਾ ਹਿੱਸਾ ਬਣ ਕੇ ਉਭਰਿਆ। ਉਹਨੂੰ ਕਿਸੇ ਸਕੂਲ ਜਾਂ ਯੂਨੀਵਰਸਿਟੀ ਵਿੱਚ ਪੜ੍ਹਨ ਦਾ ਮੌਕਾ ਤਾਂ ਨਹੀਂ ਮਿਲਿਆ ਪਰ ਕ੍ਰਾਂਤੀਕਾਰੀਆਂ ਦੇ ਮੇਲ-ਮਿਲਾਪ ਨੇ ਉਹਨੂੰ ਕਿਤਾਬਾਂ ਨਾਲ ਜਾਣੂੰ ਕਰਵਾਇਆ। ਖੁਦ ਦੇ ਅਤੇ ਮਿਹਨਤਕਸ਼ ਜਨਤਾ ਨਾਲ ਮੇਲ ਤੋਂ ਮਿਲੇ ਅਨੁਭਵ ਨੇ ਉਹਦੀ ਲੇਖਣੀ ਨੂੰ ਤਿੱਖਾਪਣ ਦਿੱਤਾ ਅਤੇ ਬਹੁਤ ਛੇਤੀ ਹੀ ਰੂਸ ਦਾ ਇੱਕ ਵੱਡਾ ਲੇਖਕ ਬਣ ਗਿਆ।

ਆਪਣੇ ਸਾਹਿਤਕ ਜੀਵਨ ਦੇ ਆਰੰਭ ਤੋਂ ਹੀ ਗੋਰਕੀ ਦੀ ਜਾਣਪਛਾਣ ਟਾਲਸਟਾਏ ਅਤੇ ਚੈਖਵ ਵਰਗੇ ਮਹਾਨ ਲੇਖਕਾਂ ਨਾਲ ਹੋ ਗਈ। ਉਹ ਮੁੱਢਲੇ ਦਿਨਾਂ ਤੋਂ ਹੀ ਕ੍ਰਾਂਤੀਕਾਰੀ ਅੰਦੋਲਨਾਂ ਨਾਲ ਜੁੜਿਆ ਰਿਹਾ। ਪਿੱਛੋਂ ਕਮਿਊਨਿਸਟ ਪਾਰਟੀ ਵਿੱਚ ਸ਼ਾਮਲ ਹੋ ਕੇ ਉਹ ਲੋਕ-ਸੰਘਰਸ਼ ਨਾਲ ਨੇੜਿਓਂ ਜੁੜ ਗਿਆ। ਇਸੇ ਦੌਰਾਨ ਉਹਨੇ ਮਜ਼ਦੂਰਾਂ ਅਤੇ ਕ੍ਰਾਂਤੀਕਾਰੀਆਂ ਦੇ ਜੀਵਨ ਅਤੇ ਸੰਘਰਸ਼ ਤੇ ਆਧਾਰਿਤ ਆਪਣਾ ਸੰਸਾਰ ਪ੍ਰਸਿੱਧ ਨਾਵਲ ‘ਮਾਂ’ (1906) ਲਿਖਿਆ।

ਗੋਰਕੀ ਨੇ ਆਪਣੀਆਂ ਕਹਾਣੀਆਂ, ਨਾਟਕਾਂ, ਨਾਵਲਾਂ ਅਤੇ ਲੇਖਾਂ ਦੇ ਮਾਧਿਅਮ ਰਾਹੀਂ ਸਮਾਜ ਨੂੰ ਸਿਰਫ਼ ਚਿਤਰਿਤ ਹੀ ਨਹੀਂ ਕੀਤਾ ਸਗੋਂ ਇੱਕ ਹਥਿਆਰ ਵਾਂਗ ਇਸਤੇਮਾਲ ਕੀਤਾ। ਉਹਦੇ ਆਤਮਕਥਾਤਮਕ ਨਾਵਲਾਂ ‘ਮੇਰਾ ਬਚਪਨ’, ‘ਮੇਰੀਆਂ ਯੂਨੀਵਰਸਿਟੀਆਂ’, ‘ਜੀਵਨ ਦੇ ਰਾਹਾਂ ਤੇ’ ਵਿੱਚ ਨਿਮਨ ਜ਼ਿੰਦਗੀ ਜੀਅ ਰਹੇ ਮਜ਼ਦੂਰਾਂ ਅਤੇ ਤੱਤਕਾਲੀ ਸਮਾਜ ਦੇ ਯਥਾਰਥ ਦਾ ਜੀਵੰਤ ਚਿਤਰਣ ਮਿਲਦਾ ਹੈ ਅਤੇ ਬਗਾਵਤ ਲਈ ਪ੍ਰੇਰਿਤ ਕਰਦਾ ਹੈ। ਗੋਰਕੀ ਦੇ ਹੋਰ ਨਾਵਲਾਂ ‘ਫੋਮਾ ਗੋਰਦੇਯੇਵ’ ਅਤੇ ‘ਉਹ ਤਿੰਨ’ ਦੇ ਕੇਂਦਰੀ ਚਰਿੱਤਰ ਫੋਮਾ ਅਤੇ ਇਲੀਆ ਲੁਨੇਵ ਅਜਿਹੇ ਵਿਅਕਤੀ ਹਨ ਜੋ ਨਿਜੀ ਸੰਪਤੀ ਤੇ ਆਧਾਰਿਤ ਸਮਾਜ ਦੇ ਤੌਰ ਤਰੀਕਿਆਂ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੰਦੇ ਹਨ।

ਗੋਰਕੀ ਦਾ ਪੂਰਾ ਜੀਵਨ ਅਤੇ ਉਹਦਾ ਸਾਹਿਤਕ ਕੰਮ ਪੂਰੀ ਦੁਨੀਆਂ ਦੇ ਮਜ਼ਦੂਰਾਂ ਲਈ ਇੱਕ ਪ੍ਰੇਰਨਾ ਸਰੋਤ ਹੈ ਅਤੇ ਅਨਿਆਂ ਵਿਰੁੱਧ ਕਦਮ ਕਦਮ ਤੇ ਸਾਨੂੰ ਸੰਘਰਸ਼ ਕਰਨ ਲਈ ਉਤਸ਼ਾਹਿਤ ਕਰਦਾ ਹੈ। ਉਹਦਾ ਮੰਨਣਾ ਸੀ – “ਪੂੰਜੀਵਾਦੀ ਸਮਾਜ ਵਿੱਚ ਕੁੱਲ ਮਿਲਾ ਕੇ ਮਨੁੱਖ ਆਪਣੀ ਅਦਭੁਤ ਸਮਰੱਥਾ ਨੂੰ ਨਿਰਾਰਥਕ ਮੰਤਵਾਂ ਦੀ ਪ੍ਰਾਪਤੀ ਲਈ ਬਰਬਾਦ ਕਰਦਾ ਹੈ।” ਜੀਵਨ ਪ੍ਰਤੀ ਉਹਦਾ ਦ੍ਰਿਸ਼ਟੀਕੋਣ ਆਸ਼ਾਵਾਦ ਅਤੇ ਜਨਤਾ ਵਿੱਚ ਦ੍ਰਿੜ ਵਿਸ਼ਵਾਸ ਨਾਲ ਭਰਿਆ ਹੋਇਆ ਸੀ। ਜੂਨ 1936 ਨੂੰ 68 ਸਾਲ ਦੀ ਉਮਰ ਵਿੱਚ ਮਾਸਕੋ (ਸੋਵੀਅਤ ਰੂਸ) ਵਿਖੇ ਉਹਦਾ ਦਿਹਾਂਤ ਹੋ ਗਿਆ। ਗੋਰਕੀ ਦੀਆਂ ਬਹੁਤ ਸਾਰੀਆਂ ਰਚਨਾਵਾਂ ਭਾਰਤੀ ਭਾਸ਼ਾਵਾਂ ਵਿੱਚ ਅਨੁਵਾਦ ਹੋ ਚੁੱਕੀਆਂ ਹਨ। ਮਹਾਨ ਹਿੰਦੀ ਲੇਖਕ ਮੁਨਸ਼ੀ ਪ੍ਰੇਮਚੰਦ ਗੋਰਕੀ ਦਾ ਬਹੁਤ ਵੱਡਾ ਪ੍ਰਸ਼ੰਸਕ ਸੀ।


# ਖੇਤਾਂ ਦਾ ਜਾਇਆ ਕਿਰਤੀ ਕਿਸਾਨ ਕਵੀ ਸ:ਮਹਿੰਦਰ ਸਿੰਘ ਦੋਸਾਂਝ




ਵਰਲਡ ਪੰਜਾਬੀ ਟਾਈਮਜ਼
ਗੁਰਭਜਨ ਗਿੱਲ

ਇਹ ਗੱਲ ਹੋਏਗੀ 1974-75 ਦੀ ਜਦ ਮੈ ਤੇ ਸ਼ਮਸ਼ੇਰ ਸਿੰਘ ਸੰਧੂ ਲੁਧਿਆਣੇ ਪੜ੍ਹਦਿਆ ਪਹਿਲੀ ਵਾਰ ਲਿਖਾਰੀ ਸਭਾ ਜਗਤਪੁਰ(ਜਲੰਧਰ) ਦੇ ਸਾਲਾਨਾ ਸਮਾਗਮ ਵਿੱਚ ਕਵਿਤਾ ਸੁਣਾਉਣ ਗਏ। ਨਵੇ ਨਕੋਰ ਜਜ਼ਬਿਆਂ ਤੇ ਸਵਾਰ ਹੋਇਆਂ ਦੀ ਕੰਡ ਤੇ ਪਹਿਲੀ ਪਿਆਰ ਥਾਪੜੀ ਮਹਿੰਦਰ ਸਿੰਘ ਦੋਸਾਂਝ ਨੇ ਦਿੱਤੀ। ਉਹ ਸਭਾ ਦੇ ਰੂਹੇ ਰਵਾ ਸਨ। ਬਹੁਤ ਵੱਡੇ ਵੱਡੇ ਲੇਖਕ ਉਸ ਦੋ ਰੋਜ਼ਾ ਸਮਾਗਮ ਵਿੱਚ ਹਾਜ਼ਰ ਸਨ। ਰਾਤ ਅਸਾਂ ਵੀ ਉਥੇ ਹੀ ਕੱਟੀ। ਤੁਸੀਂ ਅੱਜ ਨਹੀਂ ਮੰਨਣਾ, ਉਦੋਂ ਸੇਵਾ ਵਿੱਚ ਸ਼ਰਾਬ ਸ਼ਾਮਿਲ ਨਹੀਂ ਸੀ। ਰੋਟੀ ਪਾਣੀ ਖਾ ਕੇ ਹੀ ਸੋਹਣੀ ਨੀਂਦਰ ਪੈ ਜਾਂਦੀ ਸੀ। ਸਾਡਾ ਟਿਕਾਣਾ ਗੁਰਦਿਆਲ ਸਿੰਘ ਕੰਵਲ ਦੇ ਘਰ ਸੀ। ਲਿਖਾਰੀ ਸਭਾ ਦੀ ਆਪਣੀ ਪ੍ਰਕਾਸ਼ਨਾ "ਘੜੀਐ ਸ਼ਬਦ ਸੱਚੀ ਟਕਸਾਲ" ਸਮੇਤ ਕਈ ਕਿਤਾਬਾਂ ਮੰਜੇ ਤੇ ਧਰ ਕੇ ਵੇਚੀਆਂ ਜਾ ਰਹੀਆਂ ਸਨ। ਮਹਿੰਦਰ ਸਿੰਘ ਦੋਸਾਂਝ ਨੂੰ ਸਭ ਵੱਡੇ ਛੋਟੇ ਦਾ ਫ਼ਿਕਰ ਸੀ। ਉਨ੍ਹਾਂ ਦਾ ਸਹਿਯੋਗੀ ਉਦੋਂ ਪ੍ਰੋ. ਹ ਸ ਤਰਸਪਾਲ ਸੀ, ਜਿੱਥੋਂ ਤੀਕ ਮੈਨੂੰ ਯਾਦ ਹੈ। ਸੀਮਾ ਪ੍ਰਕਾਸ਼ਨ ਜਲੰਧਰ ਵੱਲੋਂ ਦੋਸਾਂਝ ਜੀ ਦਾ ਪਹਿਲਾ ਕਾਵਿ ਸੰਗ੍ਰਹਿ ਦਿਸ਼ਾ ਵੀ ਛਪ ਚੁਕਾ ਸੀ। ਸੂਰਜਮੁਖੀ ਰਸਾਲੇ ਵਿੱਚ ਇਸ ਕਿਤਾਬ ਦਾ ਇਸ਼ਤਿਹਾਰ ਛਪਦਾ ਹੁੰਦਾ ਸੀ। ਮੈਂ ਉਹ ਕਿਤਾਬ ਵੀ ਖ਼ਰੀਦੀ।
ਲਿਖਾਰੀ ਸਭਾ ਜਗਤਪੁਰ ਇਸੇ ਪਿੰਡ ਦੇ ਜਾਏ ਪ੍ਰੋ. ਪਿਆਰਾ ਸਿੰਘ ਗਿੱਲ ਦੇ ਸਪੁੱਤਰ ਪੰਜਾਬੀ ਕਵੀ ਰਵਿੰਦਰ ਰਵੀ ਤੇ ਮਹਿੰਦਰ ਦੋਸਾਂਝ ਜੀ ਦੀ ਅਗਵਾਈ ਹੇਠ ਬਣੀ ਸੀ। ਗੁਰਦਿਆਲ ਸਿੰਘ ਕੰਵਲ ਵੀ ਇਨ੍ਹਾਂ ਦਾ ਸਾਥੀ ਸੀ।
ਜਗਤਪੁਰ ਮਹਿੰਦਰ ਦੋਸਾਂਝ ਜੀ ਦੇ ਨਾਨਕਿਆਂ ਦਾ ਪਿੰਡ ਹੈ। ਜੱਦੀ ਪਿੰਡ ਤਾਂ ਕਵੀ ਨਾਜਰ ਸਿੰਘ ਤਰਸ ਤੇ ਸ਼ੁਸ਼ੀਲ ਦੋਸਾਂਝ ਵਾਲਾ ਹੈ। ਪ੍ਰਸਿੱਧ ਪੱਤਰਕਾਰ ਅਮਰ ਸਿੰਘ ਦੋਸਾਂਝ, ਕੈਨੇਡਾ ਦੇ ਬੀ ਸੀ ਸੂਬੇ ਦੇ ਪ੍ਰੀਮੀਅਰ ਰਹੇ ਉੱਜਲ ਦੋਸਾਂਝ ਤੇ ਗਾਇਕ ਅਦਾਕਾਰ ਦਿਲਜੀਤ ਦੋਸਾਂਝ ਵਾਲਾ ਫਗਵਾੜੇ ਨੇੜਲਾ ਦੋਸਾਂਝ ਕਲਾਂ। ਇਥੋਂ ਦੇ ਹੀ ਸਨ ਪ੍ਰਿੰਸੀਪਲ ਗੁਰਚਰਨ ਸਿੰਘ ਦੋਸਾਂਝ ਜਿੰਨ੍ਹਾਂ ਦੇ ਘਰ
ਪੰਜ ਫਰਵਰੀ 1938 ਵਿੱਚ ਜਨਮੇ ਸਰਦਾਰ ਮਹਿੰਦਰ ਸਿੰਘ ਦੋਸਾਂਝ। ਦੋਸਾਂਝ ਦੇ ਜਨਮ ਦਾ ਸਰਕਾਰੀ ਕਾਗ਼ਜ਼ਾਂ ਵਿੱਚ 1940 ਦਾ ਹੋ ਗਿਆ, ਪਰ ਉਸ ਦੇ ਆਪਣੇ ਦੱਸੇ ਮੁਤਾਬਕ ਇਸ ਤੋਂ ਦੋ ਸਾਲ ਪਹਿਲਾਂ ਪੈਦਾ ਹੋਇਆ।
ਆਪਣੇ ਖੇਤਾਂ ਦੀ ਮਿੱਟੀ ਨੂੰ ਆਪਣੀ ਮਾਂ ਦੇ ਸਮਾਨ ਸਮਝਣ ਵਾਲੇ ਮਹਿੰਦਰ ਸਿੰਘ 'ਦੋਸਾਂਝ' ਨੇ 1945 ਵਿੱਚ ਹਲ ਦੀ ਜੰਘੀ ਫੜ ਲਈ ਸੀ, ਫੇਰ ਇਕ ਬਲਦ ਅਤੇ ਸੋਦੇ ਨਾਲ ਪੈਲੀ ਵੱਲ ਚੱਲ ਪਿਆ। ਫਿਰ ਚਲ ਸੋ ਚਲ। ਅਧਿਆਪਕਾਂ ਦੀ ਕੁੱਟ ਤੋਂ ਡਰਦਿਆਂ ਸਰਦਾਰ ਮਹਿੰਦਰ ਸਿੰਘ ਦੁਸਾਂਝ ਨੇ 1952 ਵਿੱਚ ਹਲ਼ ਤੇ ਖੇਤੀ ਦੇ ਹੋਰ ਸੰਦ ਰੱਖ ਕੇ ਖੇਤਾਂ ਵਿੱਚ ਹੀ ਝੁੱਲ ਵਿਛਾ ਕੇ ਤੇ ਬੰਨੇ ਦਾ ਸਿਰਹਾਣਾ ਬਣਾ ਕੇ ਖੇਤਾਂ ਵਿੱਚ ਹੀ ਚਾਰ ਭਾਸ਼ਾਵਾਂ ਸਿੱਖ ਕੇ ਇਨ੍ਹਾਂ ਭਾਸ਼ਾਵਾਂ ਦੀਆਂ ਹਜ਼ਾਰਾਂ ਪੁਸਤਕਾਂ ਪੜੀਆਂ, ਹਾਲਾਂਕਿ ਇਮਤਿਹਾਨ ਦੇ ਕੇ ਪੰਜਾਬ ਯੂਨੀਵਰਸਿਟੀ ਤੋਂ ਉੱਚਤਮ ਡਿਗਰੀਆਂ ਵੀ ਪ੍ਰਾਪਤ ਕੀਤੀਆਂ। 1960 ਵਿੱਚ ਇੱਕ ਭਾਸ਼ਣ ਪ੍ਰਤੀ ਯੋਗਤਾ ਦੀ ਜਜਮੇਂਟ ਲਈ ਪਹਿਲੀ ਵਾਰ ਇਲਾਕੇ ਦੇ ਨਾਮਵਰ ਸਿੱਖ ਨੈਸ਼ਨਲ ਕਾਲਜ ਬੰਗਾ ਦੀ ਦਹਿਲੀਜ ਲੰਘ ਕੇ ਵੇਖੀ।
ਆਪਣੀ ਜ਼ਿੰਦਗੀ ਵਾਸਤੇ ਸਾਹਿਤ ਤੇ ਖੇਤੀਬਾੜੀ ਦੋ ਖੇਤਰਾਂ ਨੂੰ ਉਸ ਨੇ ਆਪਣੀ ਕਰਮ ਭੂਮੀ ਬਣਾਇਆ, ਹਾਲਾਂਕਿ 1957 ਤੋਂ ਸਮਾਜ ਸੇਵਾ, ਪਿੰਡਾਂ ਵਿੱਚ ਵਿਦਿਆ ਦੇ ਪਸਾਰ ਤੇ ਵਾਤਾਵਰਨ ਸੁਰੱਖਿਆ ਲਈ ਕਦੇ ਨਾ ਮੁੱਕਣ ਵਾਲਾ ਅਭਿਆਨ ਵੀ ਚਲਾਇਆ।
1960 ਵਿੱਚ ਪੰਜਾਬ ਵਿੱਚ ਪਹਿਲੀ ਕਰਮਸ਼ੀਲ ਸੰਸਥਾ 'ਲਿਖਾਰੀ ਸਭਾ ਜਗਤਪੁਰ ਰਜਿਸਟਰਡ' ਦੀ ਸਥਾਪਨਾ ਕੀਤੀ ਅਤੇ ਇਲਾਕੇ ਵਿੱਚ ਹੋਰ ਸਾਹਿਤ ਸਭਾਵਾਂ ਦੀ ਬੁਨਿਆਦ ਰੱਖੀ ਤੇ ਵੱਖ ਵੱਖ ਪਿੰਡਾਂ ਵਿੱਚ ਲਾਇਬਰੇਰੀਆਂ ਸਥਾਪਿਤ ਕੀਤੀਆਂ।
ਸ. ਮਹਿੰਦਰ ਸਿੰਘ ਦੋਸਾਂਝ ਪੀ. ਏ. ਯੂ. ਖੇਤੀ ਖੋਜ ਕੌਂਸਲ, ਗਵਰਨਿੰਗ ਬੋਰਡ ਪੰਜਾਬ ਸਟੇਟ ਸੀਡ ਸਰਟੀਫਿਕਸ਼ਨ ਅਥਾਰਟੀ, ਪੰਜਾਬ ਸਟੇਟ ਸੀਡ ਸਬ ਕਮੇਟੀ, ਰੇਡੀਓ ਸਟੇਸ਼ਨ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਦੀ ਪ੍ਰੋਗਰਾਮ ਸਲਾਹਕਾਰ ਕਮੇਟੀ ਅਤੇ ਜ਼ਿਲਾ ਖੇਤੀ ਪੈਦਾਵਾਰ ਕਮੇਟੀ ਜਲੰਧਰ ਤੇ ਨਵਾਂ ਸ਼ਹਿਰ ਅਤੇ ਜ਼ਿਲਾ ਸ਼ਿਕਾਇਤ ਨਿਵਾਰਨ ਕਮੇਟੀ ਜਲੰਧਰ ਦਾ ਮੈਂਬਰ ਵੀ ਰਿਹਾ ਹੈ।
ਉਹ ਤੇ ਸਰਦਾਰਨੀ ਮਹਿੰਦਰ ਕੌਰ ਦੋਸਾਂਝ ਦੋਵੇਂ ਜੀਅ ਪੀ ਏ ਯੂ ਕਿਸਾਨ ਮੇਲੇ ਤੇ ਸਾਰੇ ਇਨਾਮ ਹੂੰਝ ਕੇ ਲੈ ਜਾਂਦੇ ਸਨ।
ਦੋਆਬੇ ਦੀ ਸਾਹਿੱਤਕ ਆਬੋ ਹਵਾ ਵਿੱਚ ਸਰਗਰਮ ਸ. ਦੋਸਾਂਝ ਚਾਰ ਸਾਲ ਸਕੱਤਰ,ਕੇਂਦਰੀ ਪੰਜਾਬੀ ਲੇਖਕ ਸਭਾ ਦੀ ਹੈਸੀਅਤ ਵਿਚ ਵੀ ਕੰਮ ਕੀਤਾ।
ਸ. ਦੋਸਾਂਝ ਨੇ ਆਪਣੇ ਗਿਆਨ ਤੇ ਅਨੁਭਵ ਦੀ ਲੋੜ ਪੂਰੀ ਕਰਨ ਲਈ ਇੰਗਲੈਂਡ, ਕੈਨੇਡਾ, ਅਮ੍ਰੀਕਾ, ਹਾਲੈਂਡ, ਥਾਈਲੈਂਡ, ਕੈਲੇਫੋਰਨੀਆਂ ਤੇ ਪਾਕਿਸਤਾਨ ਦੀ ਯਾਤਰਾ ਦੇ ਨਾਲ ਨਾਲ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਭਾਰਤ ਦੀ ਯਾਤਰਾ ਵੀ ਕੀਤੀ। ਪਾਕਿਸਤਾਨ ਵਿੱਚ ਤਾਂ ਉਹ 2001 ਵਿੱਚ ਡਾ. ਸ ਨ ਸੇਵਕ ਦੇ ਨਾਲ ਗਏ ਸਨ, ਉਥੇ ਸਾਨੂੰ ਫਲੈਟੀਜ਼ ਹੋਟਲ ਲਾਹੌਰ ਵਿੱਚ ਮਿਲੇ ਵੀ, ਕਿਉਂਕਿ ਅਸੀਂ ਵੀ ਡਾ. ਵਰਿਆਮ ਸਿੰਘ ਸੰਧੂ, ਇੰਦਰਜੀਤ ਹਸਨਪੁਰੀ, ਸੁਤਿੰਦਰ ਸਿੰਘ ਨੂਰ,ਅਜਮੇਰ ਸਿੰਘ ਔਲਖ, ਸਰਵਣ ਸਿੰਘ ਢੁੱਡੀਕੇ, ਡਾ. ਸੁਖਦੇਵ ਸਿੰਘ ਸਿਰਸਾ, ਸੁਖਵਿੰਦਰ ਅੰਮ੍ਰਿਤ ਸਮੇਤ ਫ਼ਖ਼ਰ ਜ਼ਮਾਂ ਦੇ ਬੁਲਾਵੇ ਤੇ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਗਏ ਹੋਏ ਸਾਂ।
ਪੰਜਾਬੀ ਸਾਹਿਤ ਦੇ ਵੱਖ ਵੱਖ ਰੂਪਾਂ ਵਿੱਚ ਲਗਪਗ ਦਸ ਪੁਸਤਕਾਂ ਪੰਜਾਬੀ ਸਾਹਿਤ ਦੇ ਖਜਾਨੇ ਵਿੱਚ ਸ਼ਾਮਿਲ ਕੀਤੀਆਂ ਹਨ। ਇਨ੍ਹਾਂ ਚੋਂ ਪੰਜ ਸਿਰਜਣਾਤਮਕ ਸਾਹਿੱਤ ਨਾਲ ਸਬੰਧਿਤ ਹਨ।
ਅਨੇਕਾਂ ਵਿਸ਼ਿਆਂ 'ਤੇ ਉਨ੍ਹਾਂ 300 ਤੋਂ ਵੱਧ ਲੇਖ ਲਿਖੇ ਜੋ ਪ੍ਰੀਤਲੜੀ ਸਮੇਤ ਨਾਮਵਰ ਅਖ਼ਬਾਰਾਂ ਅਤੇ ਰਸਾਲਿਆਂ ਵਿੱਚ ਪ੍ਰਕਾਸ਼ਿਤ ਹੋਏ।
ਆਪ ਨੇ ਸੱਤ ਖੋਜ ਪੱਤਰ ਲਿਖੇ ਜੋ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਪੜੇ ਤੇ ਵਿਚਾਰੇ ਗਏ, ਅਨੇਕਾਂ ਯੂਨੀਵਰਸਿਟੀਆਂ ਅਤੇ ਕਾਲਿਜਾਂ ਵਿਚ ਵੱਖ-ਵੱਖ ਵਿਸ਼ਿਆਂ 'ਤੇ ਅਨੇਕਾਂ ਲੈਕਚਰ ਦਿੱਤੇ, ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਸਲਾਹਕਾਰ ਤੇ ਫਾਰਮਰ ਪ੍ਰੋਫੈਸਰ ਦੀ ਉਪਾਧੀ ਨਾਲ ਨਿਵਾਜਿਆ, ਹੁਣ ਇੱਕ ਹੋਰ ਵਿਸ਼ਾਲ ਸੰਸਥਾ ਸੰਤ ਬਾਬਾ ਭਾਗ ਸਿੰਘ ਯੂਨੀਵਰਸਟੀ ਦੇ ਉਹ ਖੇਤੀਬਾੜੀ ਵਿਸ਼ੇ ਲਈ ਮੁੱਖ ਸਲਾਹਕਾਰ ਅਤੇ ਵਿਜਟਿੰਗ ਪ੍ਰੋਫੈਸਰ ਹਨ। ਖੇਤੀ ਯੂਨੀਵਰਸਿਟੀਆਂ ਤੇ ਖੋਜ ਕੇਂਦਰਾਂ ਤੋਂ ਬਾਹਰ ਹੋਣ ਵਾਲੀਆਂ ਖੋਜਾਂ ਬਾਰੇ ਵਿਸ਼ਵ ਪੱਧਰ ਤੇ ਛਪਣ ਵਾਲੀ ਪੁਸਤਕ ''ਫਾਰਮਰ ਰਿਸਰਚ ਇਨ ਪ੍ਰੈਕਟਿਸ'' ਦੇ 1997 ਤੋਂ 2002 ਵਾਲੇ ਐਡੀਸ਼ਨ ਵਿੱਚ ਸਰਦਾਰ ਦੋਸਾਂਝ ਵੱਲੋਂ ਆਪਣੇ ਖੇਤਾਂ ਵਿੱਚ ਕੀਤੀਆਂ ਖੋਜਾਂ ਨੂੰ 9 ਪੰਨੇ ਮਿਲੇ ਹਨ।
ਇਨਾਮਾਂ ਸਨਮਾਨਾਂ ਲਈ ਯਤਨ ਕਰਨੇ ਤਾਂ ਦੂਰ ਦੀ ਗੱਲ 1990 ਵਿੱਚ ਖੇਤੀਬਾੜੀ ਬਾਰੇ ਨੈਸ਼ਨਲ ਪੁਰਸਕਾਰ ਲਈ ਜਿਲਾ ਪ੍ਰਸ਼ਾਸਨ ਜਲੰਧਰ ਵਲੋਂ ਤਿਆਰ ਕੀਤੀ ਆਪਣੀ ਫਾਈਲ ਆਪਣੇ ਹੱਥੀ ਡੀ. ਸੀ. ਤੱਕ ਲਿਜਾਣ ਲਈ ਦੋਸਾਂਝ ਹੋਰਾਂ ਨਾਂਹ ਕਰ ਦਿੱਤੀ ਸੀ, ਹਾਲਾਂਕਿ ਉਹਨਾਂ ਨੂੰ ਯੂ. ਐਨ. ਓ. ਵਲੋਂ ਕਣਕ ਦੇ ਵਿਸ਼ੇਸ਼ ਉਤਪਾਦਨ ਲਈ ਕੌਮਾਂਤਰੀ ਪੁਰਸਕਾਰ, ਪੀ. ਏ. ਯੂ. ਵਲੋਂ ਮੁੱਖ ਮੰਤਰੀ ਪੁਰਸਕਾਰ ਅਤੇ ਖੇਤੀਬਾੜੀ ਵਿਭਾਗ ਪੰਜਾਬ ਵੱਲੋਂ ਰਾਜ ਪੁਰਸਕਾਰ ਪ੍ਰਾਪਤ ਹੋਏ ਹਨ।
5ਨਵੰਬਰ 1995 ਨੂੰ ਜਦ ਨਵਾਂ ਸ਼ਹਿਰ ਜ਼ਿਲ੍ਹਾ ਬਣਿਆ ਤਾਂ ਪਹਿਲੇ ਡਿਪਟੀ ਕਮਿਸ਼ਨਰ ਜੰਗ ਬਹਾਦਰ ਗੋਇਲ ਬਣੇ। ਸ. ਦੋਸਾਂਝ ਤੇ ਦੀਦਾਰ ਸ਼ੇਤਰਾ ਨੇ ਅੱਗੇ ਲੱਗ ਕੇ ਗੋਇਲ ਸਾਹਿਬ ਦੀ ਅਗਵਾਈ ਹੇਠ ਕਈ ਮਹੱਤਵਪੂਰਨ ਪ੍ਰਕਾਸ਼ਨਾਵਾਂ ਛਾਪੀਆਂ। ਇਹ ਕਾਰਜ ਵੀ ਮਹਾਨ ਸੀ।
ਸ. ਦੋਸਾਂਝ ਦੀਆਂ ਮੌਲਿਕ ਰਚਨਾਵਾਂ ਵਿੱਚ ਦਿਸ਼ਾ (ਮੌਲਿਕ ਕਾਵਿ ਸੰਗ੍ਰਹਿ, 1972) ਕਿਰਤ ਨਾਲ ਜੁੜੇ ਰਿਸ਼ਤੇ (ਮੌਲਿਕ ਕਹਾਣੀ ਸੰਗ੍ਰਹਿ, 1984), ਰੌਸ਼ਨੀ ਦੀ ਭਾਲ (ਮੌਲਿਕ ਕਾਵਿ ਸੰਗ੍ਰਹਿ, 1998) ਮੰਜ਼ਿਲ ਤੇ ਪਗਡੰਡੀਆਂ, ਪਸੀਨੇ ਚ ਧੋਤੀ ਜ਼ਿੰਦਗੀ ਤੇ ਯਾਦਾਂ ਪਾਕਿਸਤਾਨ ਦੀਆਂ ( ਸਫਰਨਾਮਾ) ਪ੍ਰਮੁੱਖ ਹਨ।
ਸ਼ ਮਹਿੰਦਰ ਸਿੰਘ ਦੋਸਾਂਝ ਸਿਰਫ਼ ਲੇਖਕ ਤੇ ਕਿਸਾਨ ਹੀ ਨਹੀ ਹਨ ਸਗੋਂ 1975 ਤੋਂ ਹੁਣ ਤੱਕ ਇਲਾਕੇ ਦੇ ਲਗਪਗ 7 ਉੱਘੇ ਨਗਰਾਂ ਵਿਚ ਲੇਖਕਾਂ ਤੇ ਪਾਠਕਾਂ ਨੂੰ ਉਤਸਾਹਿਤ ਕਰਕੇ ਸਾਹਿੱਤ ਸਭਾਵਾਂ ਚਾਲੂ ਕਰਵਾਈਆਂ।ਪੰਜਾਬ ਵਿੱਚ ਅੱਤਵਾਦ ਦੇ ਦਿਨਾਂ ਵਿਚ ਸੰਨ 1985 ਤੋਂ 1995 ਤੱਕ ਇਲਾਕੇ 'ਚ ਅਮਨ ਏਕਤਾ ਕਮੇਟੀਆਂ ਕਾਇਮ ਕਰਕੇ ਅਮਨ ਤੇ ਏਕਤਾ ਦੀ ਲੋੜ ਲਈ ਅੱਗੇ ਹੋ ਕੇ ਕੰਮ ਕੀਤਾ। ਸ਼ ਦੋਸਾਂਝ ਨੇ ਇਲਾਕੇ 'ਚ ਬਿਰਛ ਬੂਟੇ ਲਵਾਉਣ ਲਈ ਵੀ ਸਫ਼ਲ ਮੁਹਿੰਮ ਚਲਾਈ।ਲਗਪਗ 10 ਵਿਧਵਾਂ ਇਸਤਰੀਆਂ ਨੂੰ ਬੈਂਕਾਂ ਤੋਂ ਕਰਜ਼ੇ ਦਵਾ ਕੇ ਰੁਜ਼ਗਾਰ ਪੱਖੋਂ ਪੱਕੇ ਪੈਰਾਂ 'ਤੇ ਖੜ੍ਹੇ ਕੀਤਾ।
ਮਹਿੰਦਰ ਸਿੰਘ ਦੋਸਾਂਝ ਜੀ ਨੇ ਪਿੰਡ 'ਚ 30 ਸਾਲ ਪਹਿਲਾਂ ਆਪਣੇ ਪਿੰਡ ਜਗਤਪੁਰ ਵਿੱਚ ਬਾਲਗ ਸਿੱਖਿਆ ਕੇਂਦਰ ਚਲਾ ਕੇ ਬਿਰਧ ਬੀਬੀਆਂ ਨੂੰ ਵੀ ਸਿੱਖਿਆ ਪ੍ਰਦਾਨ ਕੀਤੀ। ਅਨੇਕਾ ਆਸਰਾਹੀਣ ਬਜ਼ੁਰਗਾਂ ਦੀ ਸਹਾਇਤਾ ਕੀਤੀ ਤੇ ਕਈ ਉਹਨਾਂ ਗਰੀਬ ਬੱਚਿਆਂ ਨੂੰ ਜੋ ਕਿਸੇ ਕਾਰਨ ਸਕੂਲਾਂ ਵਿਚ ਨਹੀਂ ਜਾਂਦੇ ਹਨ, ਨੂੰ ਲੋੜੀਂਦੀ ਮਦਦ ਤੇ ਉਤਸ਼ਾਹ ਦੇ ਕੇ ਸਕੂਲਾਂ ਵਿੱਚ ਦਾਖ਼ਲ ਕਰਵਾਇਆ। ਦੋ ਗਰੀਬ ਤੇ ਬੇਸਹਾਰਾ ਪਰਿਵਾਰਾਂ ਨੂੰ ਜੋ ਬਾਹੂਬਲੀਆਂ ਦੇ ਧੱਕੇ ਦਾ ਸ਼ਿਕਾਰ ਹੋ ਗਏ ਸਨ ਨੂੰ ਉਠਾਲ ਕੇ ਖੜ੍ਹੇ ਕੀਤਾ ਤੇ ਹਰ ਤਰ੍ਹਾਂ ਦਾ ਸਹਿਯੋਗ ਦੇ ਕੇ ਉਹਨਾਂ ਨੂੰ ਮੁੜ ਖ਼ੁਬਸੂਰਤ ਜੀਵਨ ਨਾਲ ਜੋੜਿਆ ਤੇ ਸਮਾਜ ਵਿਚ ਉਹਨਾਂ ਦੇ ਸਵੈ ਸਨਮਾਨ ਨੂੰ ਬਹਾਲ ਕੀਤਾ।
ਇਸ ਮਹਾਨ ਸ਼ਖ਼ਸੀਅਤ ਨੂੰ ਬੀ ਸੀ ਪੰਜਾਬੀ ਕਲਚਰਲ ਫਾਉਂਡੇਸ਼ਨ (ਰਜਿ:) ਸਰੀ(ਕੈਨੇਡਾ) ਦੇ ਪ੍ਰਧਾਨ ਤੇ ਪੰਜਾਬੀ ਕਵੀ ਮੰਗਾ ਸਿੰਘ ਬਾਸੀ(ਬੀੜ ਬੰਸੀਆਂ)ਵੱਲੋਂ ਆਪਣੇ ਪਿਤਾ ਜੀ ਸ਼ ਪ੍ਰੀਤਮ ਸਿੰਘ ਬਾਸੀ ਯਾਦਗਾਰੀ ਪੁਰਸਕਾਰ ਨਾਲ ਗੁਜਰਾਂਵਾਲਾ ਗੁਰੂ ਨਾਨਕ ਖਾਲਸਾ ਕਾਲਿਜ ਲੁਧਿਆਣਾ ਵਿਖੇ ਅੱਜ 19 ਮਾਰਚ ਨੂੰ ਸਨਮਾਨਿਤ ਕੀਤਾ ਜਾਵੇਗਾ।

# ਅਲਵਿਦਾ ਪ੍ਰੋ. ਮੇਵਾ ਸਿੰਘ ਤੁੰਗ



ਪੰਜਾਬੀ ਦੇ ਸਾਹਿਤਕ ਹਲਕਿਆਂ ਵਿੱਚ ਇਹ ਖ਼ਬਰ ਬੜੇ ਦੁਖ ਨਾਲ ਸੁਣੀ ਜਾਵੇਗੀ ਕਿ ਪ੍ਰੋ. ਮੇਵਾ ਸਿੰਘ ਤੁੰਗ ਨਹੀਂ ਰਹੇ। ਇਹ ਸੂਚਨਾ ਸਭ ਤੋਂ ਪਹਿਲੀ ਵਾਰ ਸ. ਜਸਪ੍ਰੀਤ ਸਿੰਘ ਜਗਰਾਓਂ ਨੇ 26 ਮਾਰਚ 2024 ਨੂੰ ਰਾਤੀਂ 9.00 ਵਜੇ ਫੇਸਬੁਕ ਤੇ ਸਾਂਝੀ ਕੀਤੀ। ਉਹ ਇੱਕ ਬਜ਼ੁਰਗ ਲੇਖਕ (ਜਨਮ 15 ਮਾਰਚ 1938- 26 ਮਾਰਚ 2024) ਤੇ ਸੇਵਾਮੁਕਤ ਕਾਲਜ ਲੈਕਚਰਾਰ ਹੋ ਗੁਜ਼ਰੇ ਹਨ। ਜ਼ਿਲ੍ਹਾ ਗੁਜਰਾਂਵਾਲਾ (ਪਾਕਿਸਤਾਨ) ਦੇ ਪਿੰਡ ਤੁੰਗ ਭਾਈਕੇ ਵੱਡੇ ਵਿੱਚ ਜਨਮੇ ਹੋਣ ਕਰਕੇ ਹੀ ਉਨ੍ਹਾਂ ਨੇ ਆਪਣੇ ਨਾਂ ਨਾਲ 'ਤੁੰਗ' ਜੋੜਿਆ ਹੈ। ਉਨ੍ਹਾਂ ਨੇ ਹੁਣ ਤੱਕ 14 ਪੁਸਤਕਾਂ ਲਿਖੀਆਂ ਹਨ, ਜਿਨ੍ਹਾਂ ਵਿੱਚ ਪੰਜ ਕਹਾਣੀ ਸੰਗ੍ਰਹਿ, ਤਿੰਨ ਕਾਵਿ ਸੰਗ੍ਰਹਿ, ਦੋ ਰੁਬਾਈ ਸੰਗ੍ਰਹਿ ਅਤੇ ਚਾਰ ਸਾਹਿਤ ਅਧਿਐਨ ਦੀਆਂ ਪੁਸਤਕਾਂ ਹਨ। ਉਨ੍ਹਾਂ ਦੀ ਪਹਿਲੀ ਪੁਸਤਕ 'ਭਾਈ ਵੀਰ ਸਿੰਘ ਦੀ ਕਾਵਿ ਸ੍ਰਿਸ਼ਟੀ' 1971 ਵਿੱਚ ਪ੍ਰਕਾਸ਼ਿਤ ਹੋਈ ਸੀ। ਉਨ੍ਹਾਂ ਨੇ ਲੰਮਾ ਸਮਾਂ ਖਾਲਸਾ ਕਾਲਜ ਪਟਿਆਲਾ ਵਿੱਚ ਪੰਜਾਬੀ ਅਧਿਆਪਨ ਕੀਤਾ ਅਤੇ ਕਿਰਾਏ ਦੇ ਮਕਾਨ ਵਿੱਚ ਪਟਿਆਲੇ, ਸਮਾਣੀਆ ਗੇਟ ਰਹਿੰਦੇ ਰਹੇ। ਉਨ੍ਹਾਂ ਨੇ ਵਿਆਹ ਨਹੀਂ ਸੀ ਕਰਵਾਇਆ ਅਤੇ ਜੀਵਨ ਦੇ ਆਖਰੀ ਬਹੁਤੇ ਸਾਲ ਕਿਰਾਏ ਦੇ ਮਕਾਨ ਵਿੱਚ ਸਨੌਰ ਰਹਿੰਦੇ ਰਹੇ। ਕੁਝ ਮਹੀਨੇ ਪਹਿਲਾਂ ਉਨ੍ਹਾਂ ਦਾ ਐਕਸੀਡੈਂਟ ਹੋ ਗਿਆ ਸੀ ਤਾਂ ਸ. ਜਗਰਾਓਂ ਨੇ ਹੀ ਉਨ੍ਹਾਂ ਦੀ ਆਰਥਕ ਮਦਦ ਲਈ ਅਪੀਲ ਕੀਤੀ ਸੀ। ਉਨ੍ਹਾਂ ਦੀਆਂ ਬਹੁਤੀਆਂ ਕਿਤਾਬਾਂ ਸ. ਜਗਰਾਓਂ ਦੀ ਮਦਦ ਨਾਲ ਹੀ ਸਾਹਮਣੇ ਆਈਆਂ, ਜਿਨ੍ਹਾਂ 'ਚੋਂ ਇੱਕ ਹੈ – 'ਸਾਹਿਤਕ ਚਰਚਾ ਦੇ ਪੰਨੇ'।

'ਸਾਹਿਤਕ ਚਰਚਾ ਦੇ ਪੰਨੇ' ਪੁਸਤਕ ਵਿੱਚ ਕੁੱਲ 44 ਲੇਖ ਹਨ, ਜੋ ਪੰਜਾਬੀ ਸਾਹਿਤ ਦੀਆਂ ਵੱਖ- ਵੱਖ ਵਿਧਾਵਾਂ/ ਲੇਖਕਾਂ ਨਾਲ ਵਾਬਸਤਾ ਹਨ। ਪੁਸਤਕ ਵਿੱਚ ਬਾਬਾ ਫਰੀਦ, ਗੁਰੂ ਗ੍ਰੰਥ ਸਾਹਿਬ, ਜਪੁਜੀ, ਆਨੰਦ ਸਾਹਿਬ, ਆਸਾ ਦੀ ਵਾਰ, ਹੀਰ ਦਮੋਦਰ, ਸ਼ਾਹ ਹੁਸੈਨ, ਹੀਰ ਕਾਵਿ, ਹੀਰ ਵਾਰਿਸ, ਪ੍ਰੋ.ਪੂਰਨ ਸਿੰਘ, ਪ੍ਰੋ.ਮੋਹਨ ਸਿੰਘ, ਪ੍ਰੀਤਮ ਸਿੰਘ ਸਫ਼ੀਰ, ਪ੍ਰਭਜੋਤ ਕੌਰ, ਮਹਿੰਦਰ ਸਿੰਘ ਸਰਨਾ, ਸੁਰਜੀਤ ਸਰਨਾ, ਮਾਨ ਸਿੰਘ ਹਕੀਰ, ਕਵੀ ਗੁਰਦੀਪ, ਸੰਤ ਸਿੰਘ ਸੇਖੋਂ, ਸੁਜਾਨ ਸਿੰਘ, ਕਰਤਾਰ ਸਿੰਘ ਦੁੱਗਲ, ਨਾਨਕ ਸਿੰਘ, ਰਾਮ ਸਰੂਪ ਅਣਖੀ, ਨਾਟਕ ਤੇ ਰੰਗਮੰਚ, ਜੀਵਨ ਤੇ ਸਾਹਿਤ, ਸੁਲਤਾਨਾ ਬੇਗਮ, ਸਾਹਿਤ ਸਭਾ ਲਹਿਰ ਆਦਿ ਬਾਰੇ ਮਹੱਤਵਪੂਰਨ ਜਾਣਕਾਰੀ ਵਾਲੇ ਬਹੁਪੱਖੀ ਲੇਖਕ ਸ਼ਾਮਿਲ ਹਨ।

ਇਸ ਪੁਸਤਕ ਬਾਰੇ ਪ੍ਰੋ. ਤੁੰਗ ਨੇ ਖੁਦ ਕੋਈ ਭੂਮਿਕਾ ਨਹੀਂ ਲਿਖੀ। ਹਾਂ, ਡਾ ਹਰਪਾਲ ਸਿੰਘ ਪੰਨੂ ਨੇ 'ਆਦਿ ਕਥਨ' ਲਿਖ ਕੇ ਪ੍ਰੋ. ਤੁੰਗ ਤੇ ਉਨ੍ਹਾਂ ਦੀ ਸਾਹਿਤ- ਸਾਧਨਾ ਬਾਰੇ ਸੰਖੇਪ ਪਰਿਚੈ ਕਰਵਾਇਆ ਹੈ। ਇਸ ਪੁਸਤਕ ਵਿਚਲੇ ਸਾਰੇ ਹੀ ਨਿਬੰਧ ਦਲੀਲ ਦੀ ਕਸਵੱਟੀ ਤੇ ਖਰੇ ਉੱਤਰਦੇ ਹਨ ਤੇ ਪ੍ਰੋ. ਤੁੰਗ ਨੇ ਕਿਸੇ ਨਾਲ ਵੀ ਕੋਈ ਪੱਖਪਾਤ ਨਹੀਂ ਕੀਤਾ। ਜੇ ਕਿਸੇ ਲੇਖਕ ਦੀ ਕੋਈ ਰਚਨਾ ਚੰਗੀ ਹੈ ਤਾਂ ਉਸ ਨੂੰ ਚੰਗੀ ਕਿਹਾ ਹੈ ਤੇ ਜੇ ਪਰਖ ਦੀ ਕਸਵੱਟੀ ਤੇ ਪੂਰੀ ਨਹੀਂ ਉਤਰਦੀ ਤਾਂ ਉਸ ਦੀ ਐਵੇਂ ਹੀ ਝੂਠੀ ਪ੍ਰਸ਼ੰਸਾ ਨਹੀਂ ਕੀਤੀ।

ਡਾ ਪੰਨੂ ਦੇ ਲਿਖਣ ਮੁਤਾਬਿਕ ਪੁਸਤਕ ਵਿਚਲੇ ਕੁਝ ਲੇਖ ਪੰਜਾਬੀ ਟ੍ਰਿਬਿਊਨ, ਪੰਜਾਬ ਟਾਈਮਜ਼ ਤੇ 'ਹੁਣ' ਪੱਤ੍ਰਿਕਾ ਵਿੱਚ ਛਪ ਚੁੱਕੇ ਹਨ ਤੇ ਇਹ ਕਿਤਾਬ ਵੀ ਪ੍ਰੋ ਪੰਨੂ ਦੇ ਯਤਨਾਂ ਅਤੇ ਜਸਪ੍ਰੀਤ ਸਿੰਘ ਜਗਰਾਉਂ ਦੇ ਉੱਦਮ ਨਾਲ ਸਾਹਮਣੇ ਆਈ ਹੈ।

ਪ੍ਰੋ. ਤੁੰਗ ਨੇ ਪੁਸਤਕ ਵਿੱਚ ਸਿਰਫ਼ ਸਾਹਿਤਕ ਜਾਣਕਾਰੀ ਹੀ ਨਹੀਂ ਦਿੱਤੀ, ਕਈ ਲੇਖਕਾਂ ਦੀ ਨਿੱਜੀ ਜ਼ਿੰਦਗੀ ਬਾਰੇ ਇਸ ਤਰ੍ਹਾਂ ਵੇਰਵਾ ਦਿੱਤਾ ਹੈ ਜਿਵੇਂ ਖੁਦ ਉਨ੍ਹਾਂ ਨਾਲ ਵਿਚਰਦੇ ਰਹੇ ਹੋਣ। ਇਹ ਗੱਲ ਕਾਫੀ ਹੱਦ ਤੱਕ ਸਹੀ ਵੀ ਹੈ। ਇਸ ਸਬੰਧੀ 'ਮੋਹਨ ਸਿੰਘ- ਅੰਮ੍ਰਿਤਾ ਦੇ ਸੰਬੰਧ' ਲੇਖ (ਪੰਨੇ 242-246) ਨੂੰ ਪੜ੍ਹਿਆ ਜਾ ਸਕਦਾ ਹੈ। ਜਿਸ ਵਿੱਚ ਸਿਰਫ਼ ਇਨ੍ਹਾਂ ਦੋ ਕਵੀਆਂ ਦੇ ਨਿੱਜੀ ਸੰਬੰਧਾਂ ਬਾਰੇ ਹੀ ਨਹੀਂ ਦੱਸਿਆ ਗਿਆ; ਸਗੋਂ ਸੁਰਜੀਤ ਸਿੰਘ ਸੇਠੀ, ਜੋਗਾ ਸਿੰਘ, ਕਸ਼ਮੀਰ ਕਾਦਰ, ਮੋਹਨਜੀਤ, ਅਮੀਆ ਕੁੰਵਰ, ਜਸਬੀਰ ਭੁੱਲਰ, ਖੁਸ਼ਵੰਤ ਸਿੰਘ, ਈਸ਼ਵਰ ਚਿੱਤਰਕਾਰ, ਕਰਤਾਰ ਸਿੰਘ ਦੁੱਗਲ ਆਦਿ ਬਾਰੇ ਵੀ ਬੜੀਆਂ ਦਿਲਚਸਪ ਗੱਲਾਂ ਦਾ ਪਤਾ ਲੱਗਦਾ ਹੈ। ਇਸੇ ਲੇਖ ਵਿੱਚੋਂ ਕੁਝ ਮਿਸਾਲਾਂ ਦੇਖੀਆਂ ਜਾ ਸਕਦੀਆਂ ਹਨ:

– ਸੁਰਜੀਤ ਸਿੰਘ ਸੇਠੀ ਦਾ ਮਾਮਾ ਗੁਰਮੁਖ ਸਿੰਘ ਮੁਸਾਫਰ ਸੀ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

– ਕੰਦਲਾ ਅੰਮ੍ਰਿਤਾ ਦੀ ਸਕੀ ਧੀ ਨਹੀਂ ਸੀ।

– ਕਰਤਾਰ ਸਿੰਘ ਦੁੱਗਲ ਦਾ ਸਾਢੂ ਅਲੀ ਸਰਦਾਰ ਜਾਫਰੀ ਸੀ।

– ਦੁੱਗਲ ਦੀ ਮੁਸਲਮਾਨ ਬੀਵੀ ਆਇਸ਼ਾ ਨੂੰ ਅਕਾਲ ਤਖ਼ਤ ਤੇ ਅੰਮ੍ਰਿਤ ਛਕਾਇਆ ਗਿਆ ਸੀ ਤੇ ਉਸ ਦੇ ਆਨੰਦ ਕਾਰਜ ਦੀ ਰਸਮ ਉਸ ਸਮੇਂ ਦੇ ਅਕਾਲ ਤਖਤ ਦੇ ਜੱਥੇਦਾਰ ਮੋਹਨ ਸਿੰਘ ਨਾਗੋਕੇ ਨੇ ਨਿਭਾਈ।

– ਦੁੱਗਲ ਦਾ ਪਿਤਾ ਜੀਵਨ ਸਿੰਘ ਮਾਸਟਰ ਤਾਰਾ ਸਿੰਘ ਦਾ ਸਾਲਾ ਸੀ।

ਪੁਸਤਕ ਵਿੱਚ ਇੱਕ ਰਾਜਸੀ ਲੇਖ ਵੀ ਸ਼ਾਮਿਲ ਹੈ- 'ਪਿੰਕੀ ਦੀਆਂ ਚਿੰਗਾੜਾ', ਜਿਸ ਵਿੱਚ ਅਕਾਲੀ ਦਲ ਤੇ ਕਾਂਗਰਸ ਬਾਰੇ ਬੜੀਆਂ ਗੁੱਝੀਆਂ ਗੱਲਾਂ ਸਾਹਮਣੇ ਆਈਆਂ ਹਨ। ਇਹੋ ਜਿਹੇ ਲੇਖ ਪੜ੍ਹਦਿਆਂ ਪੰਨੂ ਦਾ ਇਹ ਕਥਨ ਸੌ ਫ਼ੀਸਦੀ ਸੱਚ ਜਾਪਦਾ ਹੈ- "ਕਾਂਗਰਸ, ਅਕਾਲੀ ਦਲ ਅਤੇ ਕਮਿਊਨਿਸਟ ਪਾਰਟੀਆਂ ਦੇ ਲੀਡਰ ਉਨ੍ਹਾਂ ਦੇ ਦੋਸਤ ਹੁੰਦੇ, ਸਲਾਹ- ਮਸ਼ਵਰਾ ਲੈਣ ਆਉਂਦੇ, ਸਿਆਸੀ ਭਵਿੱਖ ਦੀਆਂ ਕਿਆਸਾਰਾਈਆਂ ਲੱਗਦੀਆਂ। ਤੁੰਗ ਸਾਹਿਬ ਦੀਆਂ ਦਲੀਲਾਂ ਵਜ਼ਨਦਾਰ ਹੁੰਦੀਆਂ। (ਪੰਨਾ 9)

ਪੁਸਤਕ ਵਿੱਚ ਇੱਕ ਹੋਰ ਲੇਖ ਹੈ 'ਇੱਕ ਸਾਹਿਤਕ ਤ੍ਰਿਕੋਣ ਦਾ ਬਣਨਾ ਅਤੇ ਟੁੱਟਣਾ' (ਪੰਨੇ 224-241)। ਇਸ ਵਿੱਚ ਡਾ ਅਤਰ ਸਿੰਘ, ਡਾ ਹਰਭਜਨ ਸਿੰਘ, ਜਸਵੰਤ ਸਿੰਘ ਨੇਕੀ ਦਾ ਜ਼ਿਕਰ ਹੈ ਕਿ ਕਿਵੇਂ/ ਕਦੋਂ ਉਹ ਇੱਕ ਦੂਜੇ ਦੇ ਨੇੜੇ ਆਏ ਤੇ ਕਿਵੇਂ/ ਕਦੋਂ ਦੂਰ ਹੋਏ। ਇਸ ਲੇਖ ਵਿੱਚ ਵੀ ਹੋਰਨਾਂ ਲੇਖਕਾਂ ਬਾਰੇ ਨਵੀਆਂ ਗੱਲਾਂ ਦੀ ਭਰਪੂਰ ਜਾਣਕਾਰੀ ਮਿਲਦੀ ਹੈ:

– ਪ੍ਰੋਫੈਸਰ ਪ੍ਰੀਤਮ ਸਿੰਘ ਅਤਰ ਸਿੰਘ ਨੂੰ "ਗੁਲਾਬਜ਼ਾਦਾ" ਕਹਿ ਕੇ ਬੁਲਾਉਂਦਾ ਸੀ।

– ਹਰਭਜਨ ਸਿੰਘ ਦੀ ਵਾਕਫੀ ਰੋਪੜ ਵਿਖੇ ਫੌਹੜੀਆਂ ਤੇ ਤੁਰਨ ਵਾਲੇ ਵਿਦਿਆਰਥੀ ਕੇਸਰ ਸਿੰਘ ਨਾਲ ਹੋਈ।

– ਗੁਰਬਚਨ ਸਿੰਘ ਤਾਲਿਬ ਡਾ ਅਤਰ ਸਿੰਘ ਨੂੰ "ਅਤਰਾ ਬਤਰਾ" ਕਿਹਾ ਕਰਦਾ ਸੀ।

– ਜਸਵੰਤ ਸਿੰਘ ਨੇਕੀ ਮਨੋਵਿਗਿਆਨ ਦਾ ਤਾਂ ਚੰਗਾ ਜਾਣਕਾਰ ਸੀ ਪਰ ਉਹਦਾ "ਸਾਹਿਤ ਅਤੇ ਮਨੋਵਿਗਿਆਨ" ਲੇਖ ਘਟੀਆ ਤੇ ਨੀਵੀਂ ਪੱਧਰ ਦਾ ਸੀ।

– ਅਤਰ ਸਿੰਘ ਨੇ "ਆਲੋਚਨਾ" ਪੱਤ੍ਰਿਕਾ ਵਿੱਚ ਅਜਿਹੀ ਵਿਦਿਆਰਥਣ ਦਾ ਲੇਖ ਛਾਪਿਆ, ਜੋ ਅੱਜ ਵੀ ਇੱਕ ਸਤਰ ਨਹੀਂ ਲਿਖ ਸਕਦੀ। ਪਰ ਅਤਰ ਸਿੰਘ ਨੇ ਪ੍ਰੋ ਤੁੰਗ (ਜਦੋਂ ਉਹ 1963 ਵਿੱਚ ਵਿਦਿਆਰਥੀ ਸੀ) ਦੀ ਕਲਾਸ ਵਿੱਚ ਉਸ ਦੀ ਵਡਿਆਈ ਕੀਤੀ ਤੇ ਕਿਹਾ ਕਿ ਤੇਰਾ ਲੇਖ ਬਹੁਤ ਵਧੀਆ ਸੀ।

– ਜਸਬੀਰ ਸਿੰਘ ਆਹਲੂਵਾਲੀਆ ਜਿੱਥੇ ਵੀ ਕੋਈ ਪੈਸੇ ਖਰਚਣ ਵਾਲਾ ਮਹਿਕਮਾ ਖੁੱਲ੍ਹਦਾ ਸੀ, ਉਸ ਦਾ ਮੁਖੀ ਉਚੇਚੇ ਤੌਰ ਤੇ ਜਾ ਬਣਦਾ ਸੀ। ਗੌਰਮਿੰਟ ਕਾਲਜ ਲੁਧਿਆਣਾ ਤੋਂ ਅੰਗਰੇਜ਼ੀ ਦੀ ਛੇ ਪਰਚਿਆਂ ਵਾਲੀ ਐਮ ਏ ਇੰਗਲਿਸ਼ ਕਰਨ ਤੋਂ ਬਾਅਦ ਸ਼ਿਮਲਾ ਮਿਊਂਸਪੈਲਿਟੀ ਦੇ ਈ ਓ ਤੋਂ ਲੈ ਕੇ ਐਜੂਕੇਸ਼ਨ ਬੋਰਡ ਦੇ ਸਕੱਤਰ, ਚੇਅਰਮੈਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਫਤਹਿਗੜ੍ਹ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਤੱਕ ਦੀ ਯਾਤਰਾ ਇਸ ਤੱਥ ਦੀ ਪੁਸ਼ਟੀ ਕਰਦੀ ਹੈ।

– ਅਤਰ ਸਿੰਘ ਨੇ ਚਾਰ ਮਹੀਨਿਆਂ ਵਿੱਚ ਪੀਐਚ ਡੀ ਦਾ ਥੀਸਿਸ ਲਿਖਿਆ ਅਤੇ ਦੋ ਦੋਸਤਾਂ ਸੰਤ ਸਿੰਘ ਸੇਖੋਂ ਅਤੇ ਹਰਬੰਸ ਸਿੰਘ ਨੂੰ ਐਗਜ਼ਾਮੀਨਰ ਲਵਾਇਆ ਅਤੇ ਪੀਐੱਚ ਡੀ ਕਰਕੇ ਪਰਾਂ ਮਾਰੀ। ਉਹਨੇ ਕਦੇ ਵੀ ਇਹ ਥੀਸਿਸ ਨਹੀਂ ਛਪਵਾਇਆ, ਕਦੇ ਕਿਸੇ ਨੂੰ ਨਹੀਂ ਵਿਖਾਇਆ। ਇਹ ਇੱਕ ਚੰਗਾ ਆਰਟੀਕਲ ਜ਼ਰੂਰ ਹੈ- ਇਹ ਰਾਏ ਸੁਰਜੀਤ ਸਿੰਘ ਸੇਠੀ ਦੀ ਹੈ।

– ਸਾਹਿਤਕ ਪਾਰਖੂਆਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਰੋਣਾ ਪਿਟਣਾ ਸਾਹਿਤ ਨਹੀਂ ਹੁੰਦਾ। ਇਹ ਗੱਲ ਮੇਰੇ ਮਿੱਤਰ ਕੁਲਵੰਤ ਸਿੰਘ ਗਰੇਵਾਲ ਪਿਛਲੇ ਚਾਲੀ ਸਾਲ ਤੋਂ ਕਹਿ ਰਹੇ ਹਨ। ਗਰੇਵਾਲ ਦੇ ਸ਼ਬਦ ਹਨ ਕਿ ਸ਼ਿਵ ਕੁਮਾਰ ਕੋਲ ਲਿਰਿਕ ਨਹੀਂ ਹੈ, ਉਸ ਕੋਲ ਵੈਣ ਹੈ। ਵੈਣ, ਲਿਰਿਕ ਨਹੀਂ ਹੁੰਦਾ।

ਇਸ ਕਿਤਾਬ ਵਿੱਚ ਦੋ ਲੇਖ ਸਾਹਿਤ ਸਭਾਵਾਂ ਦੇ ਜਨਮ ਤੇ ਵਿਕਾਸ ਬਾਰੇ ਹਨ। ਜਿਨ੍ਹਾਂ ਵਿੱਚ ਲੇਖਕ ਨੇ ਬਹੁਤ ਸਾਰੀਆਂ ਸਾਹਿਤ ਸਭਾਵਾਂ ਬਾਰੇ ਆਪਣੇ ਨਿੱਜੀ ਪਰ ਗੰਭੀਰ ਵਿਚਾਰ ਪ੍ਰਸਤੁਤ ਕੀਤੇ ਹਨ। ਹਰ ਸਭਾ ਦੇ ਪ੍ਰਧਾਨ, ਸਕੱਤਰ ਬਾਰੇ ਜਾਣਕਾਰੀ ਦਿੱਤੀ ਹੈ। ਇਨ੍ਹਾਂ ਲੇਖਾਂ ਦੇ ਕ੍ਰਮਵਾਰ ਸਿਰਲੇਖ ਹਨ- "ਸਾਹਿਤ ਸਭਾ ਲਹਿਰ-1" ਅਤੇ "ਸਾਹਿਤ ਸਭਾ ਲਹਿਰ-2" ਇਨ੍ਹਾਂ ਵਿੱਚ ਲੇਖਕ ਨੇ ਦੇਸ਼ ਵੰਡ ਤੋਂ ਪਿੱਛੋਂ ਪੰਜਾਬੀ ਸਾਹਿਤ ਸਭਾਵਾਂ ਨਾਲ ਜਾਣ- ਪਛਾਣ ਕਰਵਾਉਣ ਦੇ ਨਾਲ- ਨਾਲ ਉਸ ਸਮੇਂ ਦੇ ਹਾਲਾਤਾਂ ਤੋਂ ਵੀ ਪਰੀਚਿਤ ਕਰਵਾਇਆ ਹੈ। ਇਨ੍ਹਾਂ ਵਿੱਚ ਪੰਜਾਬੀ ਲਿਖਾਰੀ ਸਭਾ ਰਾਮਪੁਰ, ਲੋਕ ਲਿਖਾਰੀ ਸਭਾ ਅੰਮ੍ਰਿਤਸਰ, ਸਾਹਿਤ ਸਭਾ ਬਰਨਾਲਾ, ਸਾਹਿਤ ਸਭਾ ਜਲੰਧਰ, ਪੰਜਾਬੀ ਸਾਹਿਤ ਸਭਾ ਦਿੱਲੀ, ਸਾਹਿਤ ਸਭਾ ਲੁਧਿਆਣਾ, ਪੰਜਾਬੀ ਸਾਹਿਤ ਸਭਾ ਪਟਿਆਲਾ ਆਦਿ ਸ਼ਾਮਲ ਹਨ। ਪੰਜਾਬੀ ਸਾਹਿਤ ਸਭਾ ਪਟਿਆਲਾ ਬਾਰੇ ਦੱਸਦਿਆਂ ਪ੍ਰੋ ਤੁੰਗ ਨੇ ਲਿਖਿਆ ਹੈ- "ਇਹਦੀ ਉਮਰ ਉੱਨੀ ਹੀ ਲੰਮੀ ਹੈ, ਜਿੰਨੀ ਮੋਹਨ ਸਿੰਘ ਪ੍ਰੇਮ ਦੇ ਗਿਆਨੀ ਕਾਲਜ ਦੀ। ਇਹ ਸਾਹਿਤ ਸਭਾ ਉਸ ਕਾਲਜ ਦੇ ਨਾਲ ਹੀ 1940 ਵਿੱਚ ਬਣਾਈ ਸੀ ਅਤੇ ਕਾਲਜ ਦੇ ਅੰਦਰ ਰੱਖੀ। ਇਹਦੇ ਨਾਲ ਸਮੇਂ- ਸਮੇਂ ਹਰਚਰਨ ਸਿੰਘ ਕੈਂਬਲਪੁਰੀ, ਨਾਵਲਕਾਰ ਰਾਮਨਾਥ ਸ਼ੁਕਲਾ, ਕੁਲਬੀਰ ਸਿੰਘ ਕਾਂਗ, ਟੀ ਆਰ ਵਿਨੋਦ, ਸੁਰਜੀਤ ਸਿੰਘ ਸੇਠੀ, ਗੁਰਬਚਨ ਸਿੰਘ ਰਾਹੀ, ਕੁਲਵੰਤ ਸਿੰਘ ਗਰੇਵਾਲ ਆਦਿ ਜੁੜਦੇ ਰਹੇ। ਪਹਿਲਾਂ ਇਹਦੀਆਂ ਮੀਟਿੰਗਾਂ ਆਕਸਫੋਰਡ ਕਾਲਜ ਵਿੱਚ ਹੋਈਆਂ, ਫਿਰ ਢੁਡਿਆਲ ਸਕੂਲ ਵਿੱਚ। ਹੁਣ ਪੱਕੇ ਤੌਰ ਤੇ ਭਾਸ਼ਾ ਭਵਨ ਪਟਿਆਲਾ ਵਿੱਚ ਹੁੰਦੀਆਂ ਹਨ। ਇਹਦੀਆਂ ਮੀਟਿੰਗਾਂ ਹਰ ਮਹੀਨੇ ਦੇ ਦੂਜੇ ਐਤਵਾਰ ਹੁੰਦੀਆਂ ਹਨ। ਹਰੇਕ ਨੂੰ ਸਟੇਜ ਤੇ ਬੋਲਣ ਦਾ ਮੌਕਾ ਦਿੱਤਾ ਜਾਂਦਾ ਹੈ। ਕਿਸੇ ਨਾ ਕਿਸੇ ਕਿਤਾਬ ਦਾ ਲੋਕਾਰਪਣ ਹੁੰਦਾ ਹੈ। ਹਜ਼ਾਰਾਂ ਰੁਪਏ ਦੀਆਂ ਕਿਤਾਬਾਂ ਮੁਫ਼ਤ ਵੰਡੀਆਂ ਜਾਂਦੀਆਂ ਹਨ। ਮੌਜੂਦਾ ਸਮੇਂ ਇਹਦਾ ਪ੍ਰਧਾਨ ਡਾ ਦਰਸ਼ਨ ਸਿੰਘ ਆਸ਼ਟ ਹੈ, ਜੋ ਸ਼ਾਂਤਚਿੱਤ ਹੈ ਤੇ ਸੱਚਮੁੱਚ ਪ੍ਰਧਾਨ ਬਣਨ ਦੇ ਯੋਗ ਹੈ। ਉਹ ਉੱਚੀ- ਨੀਵੀਂ ਸਭ ਸਹਿੰਦਾ ਹੈ ਤੇ ਆਏ ਮਹਿਮਾਨਾਂ ਨੂੰ ਹੱਸਦੇ- ਹੱਸਦੇ ਘਰਾਂ ਨੂੰ ਤੋਰਦਾ ਹੈ। ਪ੍ਰਧਾਨਗੀ ਦੇ ਅਹੁਦੇ ਤੇ ਇਹੋ ਜਿਹੇ ਸੱਜਣ ਹੀ ਚਾਹੀਦੇ ਹਨ (ਪੰਨੇ 279-280)।

ਇਨ੍ਹਾਂ ਸਾਹਿਤ ਸਭਾਵਾਂ ਦਾ ਸਰਵੇਖਣ ਕਰਦਿਆਂ ਪ੍ਰੋ ਤੁੰਗ ਨੇ ਇਹ ਸਿੱਟਾ ਕੱਢਿਆ ਹੈ- "ਇਨ੍ਹਾਂ ਦੇ ਇਤਿਹਾਸ ਨੂੰ ਸਾਂਭਿਆ ਜਾਵੇ। ਇਹ ਕੰਮ ਰਿਸਰਚ ਸਕਾਲਰਾਂ ਨੂੰ ਦਿੱਤਾ ਜਾਵੇ। ਖੋਜ ਦੇ ਵਿਦਿਆਰਥੀਆਂ ਲਈ ਇਹ ਇਕ ਨਾ ਮੁੱਕਣ ਵਾਲਾ ਵਿਸ਼ਾ ਤੇ ਖੇਤਰ ਹੈ। ਇਸ ਤੇ ਬੇਅੰਤ ਪੀਐੱਚ ਡੀਆਂ ਹੋ ਸਕਦੀਆਂ ਹਨ।... ਸਾਹਿਤ ਸਭਾ ਲਹਿਰ ਨੇ ਪੰਜਾਬੀ ਸਾਹਿਤ ਨੂੰ ਦੂਹਰਾ ਫਾਇਦਾ ਪਹੁੰਚਾਇਆ

... ਇਸ ਨੇ ਲੋਕਾਂ ਵਿੱਚ ਇੱਕ ਨਵੀਂ ਚੇਤਨਾ ਦਾ ਸੰਚਾਰ ਕੀਤਾ ਅਤੇ ਲੋਕਾਂ ਦੀ ਸਾਹਿਤ ਪ੍ਰਤੀ ਜਗਿਆਸਾ ਨੂੰ ਟੁੰਬਿਆ, ਪ੍ਰੇਰਿਆ ਤੇ ਜਾਗ੍ਰਿਤ ਕੀਤਾ। ਸਿੱਟੇ ਵਜੋਂ ਉਹ ਸਾਹਿਤ ਵੱਲ ਖਿੱਚੇ ਗਏ ਅਤੇ ਸਾਹਿਤਕ ਪਰਚਿਆਂ ਅਤੇ ਕਿਤਾਬਾਂ ਨਾਲ ਦਿਲ ਲਾਉਣ ਲੱਗੇ।... ਇਹ ਅਥਾਹ ਵਸਤੂ ਸਾਮੱਗਰੀ ਤੇ ਮਸਾਲਾ ਹੈ; ਜਿਸ ਦੀ ਥਾਹ ਪਾਈ ਜਾਣੀ ਚਾਹੀਦੀ ਹੈ (ਪੰਨਾ 280)।

ਪ੍ਰੋ ਤੁੰਗ ਦੇ ਇਨ੍ਹਾਂ ਲੇਖਾਂ ਦੀ ਭਾਸ਼ਾ ਉੱਤੇ ਕੋਈ ਅਲੰਕ੍ਰਿਤ ਮੁਲੰਮਾ ਨਹੀਂ ਚਾੜ੍ਹਿਆ ਗਿਆ, ਆਮ ਲੋਕਾਂ ਦੀ ਸਮਝ ਵਿੱਚ ਆਉਣ ਵਾਲੀ ਭਾਸ਼ਾ ਵਿੱਚ ਉਨ੍ਹਾਂ ਨੇ ਬਹੁਤ ਉੱਚ- ਪਾਏ ਦੇ ਲੇਖ ਲਿਖੇ ਹਨ, ਜਿਨ੍ਹਾਂ ਵਿੱਚ ਸਾਹਿਤਕ ਤੇ ਕੁਝ ਹੱਦ ਤੱਕ ਰਾਜਨੀਤਕ ਲੇਖਾਂ ਦੇ ਨਾਲ ਨਾਲ ਦੋ ਲੇਖ ਪੁਸਤਕਾਂ ਦੀ ਜਾਣਕਾਰੀ ਬਾਰੇ ਵੀ ਹਨ। ਲੇਖਕ ਦੀ ਸ਼ੈਲੀ ਇੰਨੀ ਦਿਲਚਸਪ ਹੈ ਕਿ ਜਿਸ ਵੀ ਲੇਖ ਨੂੰ ਪੜ੍ਹਨ ਲੱਗੀਏ, ਉਸਨੂੰ ਪੂਰਾ ਕੀਤੇ ਤੋਂ ਬਿਨਾਂ ਛੱਡਣ ਨੂੰ ਜੀਅ ਨਹੀਂ ਕਰਦਾ। ਹਰ ਰਚਨਾ/ ਲੇਖਕ ਦੀ ਡੂੰਘਾਈ ਨੂੰ ਬੜੀ ਨੇੜਿਉਂ ਵਾਚਿਆ ਗਿਆ ਹੈ। ਪ੍ਰੋ ਤੁੰਗ ਨੇ ਕਿਤੇ ਵੀ ਦੂਸਰੀ ਭਾਸ਼ਾ ਦੇ ਭਾਰੀ ਤੇ ਬੋਝਲ ਸ਼ਬਦਾਂ ਨੂੰ ਆਪਣੇ ਲੇਖਾਂ ਵਿੱਚ ਵਰਤ ਕੇ ਵਿਦਵਤਾ ਦਾ ਵਿਖਾਵਾ ਨਹੀਂ ਕੀਤਾ। ਉਨ੍ਹਾਂ ਦੀ ਲਿਖਣ- ਸ਼ੈਲੀ ਤੋਂ ਉਹ ਬੜੇ ਨਿਰਮਾਣ, ਸਾਧਾਰਨ ਤੇ ਗਹਿਰ- ਗੰਭੀਰ ਵਿਅਕਤੀ ਪ੍ਰਤੀਤ ਹੁੰਦੇ ਹਨ। ਪ੍ਰੋ ਪੰਨੂ ਦੇ ਸ਼ਬਦਾਂ ਨੂੰ ਹੀ ਦੁਹਰਾਉਂਦਿਆਂ ਪ੍ਰੋ ਤੁੰਗ ਬਾਰੇ ਇਹ ਕਹਿਣਾ ਬਿਲਕੁਲ ਸਹੀ ਹੈ ਕਿ "ਉਨ੍ਹਾਂ ਨੇ ਸਿਆਸੀ, ਸਾਹਿਤਕ ਘਟਨਾਵਾਂ ਅਤੇ ਸ਼ਖ਼ਸੀਅਤਾਂ ਦਾ ਜ਼ਿਕਰ ਪੁਰਖਲੂਸ ਢੰਗ ਨਾਲ ਕੀਤਾ ਹੈ, ਤਵਾਜ਼ਨ ਦਾ ਪੱਲਾ ਕਿਤੇ ਨਹੀਂ ਛੱਡਿਆ, ਨਾ ਕਿਸੇ ਨਾਲ ਰਿਆਇਤ ਨਾ ਜ਼ਿਆਦਤੀ।"

ਇਸ ਕਿਤਾਬ ਤੋਂ ਬਾਦ ਉਨ੍ਹਾਂ ਦੀ ਪਟਿਆਲਾ ਸ਼ਹਿਰ ਬਾਰੇ ਇੱਕ ਕਾਵਿ ਕਿਤਾਬ ਪ੍ਰਕਾਸ਼ਿਤ ਹੋਈ 'ਜਗਦਾ ਜਗਦਾ ਸ਼ਹਿਰ'। ਇਹ ਕਿਤਾਬ ਵੀ ਪ੍ਰੋ. ਤੁੰਗ ਦੀ ਨਿਵੇਕਲੀ ਸ਼ੈਲੀ ਵਿੱਚ ਲਿਖੀ ਹੋਈ ਹੈ। ਦੇਸ਼-ਦੁਨੀਆਂ ਵਿੱਚ ਅਨੇਕਾਂ ਸ਼ਹਿਰ ਹੋਣਗੇ, ਜਿਨ੍ਹਾਂ ਬਾਰੇ ਵਾਰਤਕ ਵਿੱਚ ਬੇਸ਼ੁਮਾਰ ਪੁਸਤਕਾਂ ਸਿਰਜੀਆਂ ਗਈਆਂ ਹੋਣਗੀਆਂ। ਪਰ ਕਵਿਤਾ ਵਿਚa ਕਿਸੇ ਸ਼ਹਿਰ ਦੀ ਸ਼ੋਭਾ- ਉਸਤਤਿ ਕੀਤੀ ਗਈ ਹੋਵੇ, ਮੇਰੀ ਨਜ਼ਰੀਂ ਨਹੀਂ ਪਈ। ਕੋਈ ਸ਼ਹਿਰ ਖ਼ੁਆਬ 'ਚ ਵਸਦਾ ਹੈ, ਕੋਈ ਚੇਤਿਆਂ ਵਿੱਚ, ਕੋਈ ਦਿਮਾਗ ਵਿੱਚ, ਕੋਈ ਸੋਚ ਵਿੱਚ, ਪਰ ਕਦੇ-ਕਦਾਈਂ ਹੀ ਕੋਈ ਸ਼ਹਿਰ ਰੂਹੇ-ਨਫ਼ਸਾਨੀ ਹੁੰਦਾ ਹੈ। ਪੁਸਤਕ ਦੇ ਪ੍ਰਾਰੰਭ ਵਿਚ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਪ੍ਰੋ. ਤੁੰਗ ਦੇ ਓਜਸਵੀ ਆਭਾ ਮੰਡਲ ਦੀ ਨਿਸ਼ਾਨਦੇਹੀ ਕੀਤੀ ਹੈ। ਇਸ ਸੰਖੇਪ ਪਰਿਚੈ ਵਿੱਚ ਉਹ ਲਿਖਦੇ ਹਨ, "ਤੁੰਗ ਦੇ ਅਨੁਭਵ ਸਰੋਤ ਦਾ ਜਲੌਅ ਪੂਰਨ ਸਿੰਘ ਮੰਡਲ ਵਾਲਾ ਹੈ ਤੇ ਸ਼ੈਲੀ ਤੇ ਵਿਧਾਨ ਵਿਚ ਉਸ ਤੋਂ ਇਕ ਪੀੜ੍ਹੀ ਪਿਛਲੇ ਕਵੀ ਪ੍ਰੀਤਮ ਸਿੰਘ ਸਫੀਰ ਨਾਲ ਰਲਦਾ ਮਿਲਦਾ ਹੈ। ਜਿਸ ਤੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਕਵੀ ਆਪਣੇ ਪਿੱਤਰੀ ਧਨ ਤੋਂ ਪੂਰੀ ਤਰ੍ਹਾਂ ਚੇਤੰਨ ਹੈ ਅਤੇ ਇਸ ਪ੍ਰਕਾਰ ਦੋ ਕਾਵਿ-ਸ਼ੈਲੀਆਂ, ਇੱਕ ਵਸਤੂ ਪੱਖ, ਦੂਜੀ ਰੂਪ ਪੱਖ , ਨੂੰ ਉਸਨੇ ਆਪਣੀ ਕਲਾ ਵਿੱਚ ਇਉਂ ਸਮੋ ਲਿਆ ਹੈ ਕਿ ਦੋਹਾਂ ਦਾ ਸੰਜੋਗ ਏਥੇ ਨਵਾਂ ਰੰਗ ਧਾਰਦਾ ਜਾ ਰਿਹਾ ਹੈ।..." (ਪੰਨਾ 11)

ਪੁਸਤਕ ਦੇ ਸਰਵਰਕ ਤੇ ਕੁਲਵੰਤ ਸਿੰਘ ਗਰੇਵਾਲ ਨੇ ਤੁੰਗ ਨੂੰ ਅੰਗਰੇਜ਼ੀ ਕਵੀ ਵਿਲੀਅਮ ਬਲੇਕ ਨਾਲ ਉਪਮਾਇਆ ਹੈ- "ਕਵੀ ਮੇਵਾ ਸਿੰਘ ਤੁੰਗ ਬਹੁਤ ਸ਼ਕਤੀਸ਼ਾਲੀ, ਵਿਲੱਖਣ ਰਹੱਸ ਦ੍ਰਿਸ਼ਟੀ ਅਤੇ ਬਹੁਤ ਬੁਲੰਦ ਪਰਵਾਜ਼ ਦਾ ਕਵੀ ਹੈ। ਉਹ ਨਿਪਟ- ਪਦਾਰਥਵਾਦ ਦੇ ਬੰਧਨਾਂ ਤੋਂ ਬਹੁਤ ਪਹਿਲਾਂ ਮੁਕਤ ਹੋਏ ਕਵੀਆਂ ਵਿੱਚੋਂ ਜਾਂ ਮੋਢੀਆਂ ਵਿੱਚੋਂ ਇਕ ਹੈ।... ਜਿਵੇਂ ਵਿਲੀਅਮ ਬਲੇਕ ਇੱਕ ਵਡੇਰੀ ਗੈਬੀ ਸੁਰ ਦਾ ਸੁਆਮੀ ਕਵੀ ਹੈ... ਮੇਵਾ ਸਿੰਘ ਤੁੰਗ ਬਹੁਤ ਬਲੀ ਚਮਕ ਦਾ ਮਾਲਕ ਹੈ। ਉਸ ਪਾਸ ਦ੍ਰਿਸ਼ਟੀ ਦੀ ਪ੍ਰਪੱਕਤਾ ਵਿਰਲੀ ਅਤੇ ਉਸਦੀ ਸਾਹਿਤਿਕ- ਤਰਕ ਮਹਾਂ ਦ੍ਰਿਸ਼ਟੀ ਵਾਲੀ ਹੈ। ਬਹੁਤ ਬਲਸ਼ਾਲੀ ਲਿਖਦਾ ਹੈ ਤੁੰਗ..।"

ਆਪਣੇ ਜੀਵਨ ਦੇ ਅੰਤ ਤੱਕ ਵੀ ਉਹ ਪੜ੍ਹਨ ਲਿਖਣ ਵਿੱਚ ਮਸਰੂਫ਼ ਰਹੇ ਤੇ ਉਹ ਅਕਸਰ ਕਹਿੰਦੇ ਰਹੇ ਕਿ ਮੈਂ ਜੋ ਕੁਝ ਲਿਖਣਾ ਹੈ, ਉਸ ਨੂੰ ਮੁਕਾ ਕੇ ਹੀ ਸੰਸਾਰ ਤੋਂ ਵਿਦਾ ਹੋਣਾ ਚਾਹੁੰਦਾ ਹਾਂ! ਸ਼ਾਲਾ, ਅਜਿਹੀ ਆਤਮਾ ਨੂੰ ਜੰਨਤ ਨਸੀਬ ਹੋਵੇ!